*ਸੰਪਾਦਕੀ*

# ਪੰਜਾਬ ਕਲਾ ਬੇਗੋਵਾਲ ਦੇ 25 ਸਾਲਾਂ ਦਾ ਸਫ਼ਰ

ਸਾਹਿਤਕ ਸੱਥਾਂ ਵਿੱਚ ਆਮ ਹੀ ਸੁਣਨ ਨੂੰ ਮਿਲਦਾ ਹੈ ਕਿ ਕਲਾ ਨਾਲ ਸਾਂਝ ਪਾਉਣੀ ਘਰ ਫੂਕ ਤਮਾਸ਼ਾ ਵੇਖਣ ਵਾਂਗ ਹੈ। ਸਾਹਿਤ ਅਤੇ ਕਲਾ ਦੇ ਰਾਹਾਂ ਤੇ ਚਲਦਿਆਂ ਨਿੱਤ ਨਵੇਂ ਦਿਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀਆਂ ਚੁਣੌਤੀਆਂ ਇੱਕ ਕਠਿਨ ਪ੍ਰੀਖਿਆ ਬਣ ਪੈਰ ਪੈਰ ਤੇ ਖੜ੍ਹੀਆਂ ਹੁੰਦੀਆਂ ਹਨ। ਅਜਿਹੇ ਹਾਲਾਤ ਸਿਰਜੇ ਜਾਂਦੇ ਹਨ ਕਿ ਵਿਅਕਤੀ ਸੋਚਣ ਲਈ ਮਜਬੂਰ ਹੁੰਦਾ ਹੈ ਕਿ ਇਸ ਖਲਜਗਣ ਵਿੱਚੋਂ ਕਿਵੇਂ ਨਿਕਲਿਆ ਜਾਵੇ ਜਾਂ ਫਿਰ ਕੋਈ ਬਦਲਵਾਂ ਰਾਹ ਤਲਾਸ਼ਿਆ ਜਾਵੇ। ਸਿਰੜੀ ਲੋਕ ਚਾਰ ਚੁਫੇਰਿਆਂ ਤੋਂ ਉਸਰੀ ਵਲਗਣ ਨਾਲ ਮੱਥਾ ਲਾ ਕੇ ਉਦੇਸ਼ ਮੁੱਖੀ ਰਾਹ ਤੇ ਸਿਰਜ ਕੇ ਮਨ ਦੀ ਤ੍ਰਿਪਤੀ ਕਰਦੇ ਹਨ। ਪੰਜਾਬ ਕਲਾ ਮੰਚ ਬੇਗੋਵਾਲ (ਕਪੂਰਥਲਾ) ਦਾ ਪਿਛਲੇ 25 ਸਾਲ ਦਾ ਸਫ਼ਰ ਅਜਿਹੀ ਹਲਚਲ ਦਾ ਵਰਤਾਰਾ ਹੈ ਜਿਸ ਵਿੱਚ ਸਫ਼ਲਤਾਵਾਂ ਦੇ ਅੰਗ ਸੰਗ ਦੁਸ਼ਵਾਰੀਆਂ ਵੀ ਜੁੜੀਆਂ ਰਹੀਆਂ ਹਨ।

ਸੀਨੀਅਰ ਸੈਕੰਡਰੀ ਸਕੂਲ ਢਿਲਾਵਾਂ (ਕਪੂਰਥਲਾ) ਵਿੱਖੇ ਅਧਿਆਪਨ ਦੇ ਕਾਰਜ ਤੋਂ ਇਲਾਵਾ ਵਿਭਾਗੀ ਮੁਕਾਬਲਿਆਂ ਵਿੱਚ ਤਤਕਾਲੀ ਪ੍ਰਿੰਸੀਪਲ ਨੇ ਮੇਰੀ ਸਕੂਲ ਟੀਮ ਨੇ ਨਾਟਕ, ਭਾਸ਼ਣ ਅਤੇ ਕਵਿਤਾ ਉਚਾਰਨ ਵਿੱਚ ਕਈ ਅਜਿਹਾ ਪ੍ਰਾਪਤੀਆਂ ਕੀਤੀਆਂ। ਇਹਨਾਂ ਸਰਗਮੀਆਂ ਨੇ ਕਈ ਕਲਾਕਾਰ ਪੈਦਾ ਕਰ ਦਿੱਤੇ ਜਿਹਨਾਂ ਨਾਲ ਮਿਲ ਕੇ ਮੈਂ 1993 ਵਿੱਚ ਢਿਲਵਾਂ ਵਿਖੇ ਪੰਜਾਬ ਕਲਾ ਮੰਚ ਦਾ ਗਠਨ ਕੀਤਾ ਜਿਸ ਵਿੱਚ ਕੁੱਝ ਕਲਾਕਾਰ ਬੇਗੋਵਾਲ ਦੇ ਸ਼ਾਮਲ ਕੀਤੇ ਗਏ। ਮੇਰੀ ਨਾਟਕ ਟੀਮ ਨੇ ਗੁਰਸ਼ਰਨ ਭਾਜੀ ਅਤੇ ਅਜਮੇਰ ਸਿੰਘ ਔਲਖ ਦੁਆਰਾ ਰਚਿਤ ਕੋਈ ਦਰਜਨ ਕੁ ਨਾਟਕਾਂ ਦਾ ਕਾਫ਼ੀ ਥਾਵਾਂ ਤੇ ਮੰਚਨ ਕੀਤਾ। ਹੁੰਗਾਰਾ ਇੰਨਾ ਉਤਸ਼ਾਹ ਜਨਕ ਸੀ ਕਿ ਹਰ ਹਫਤੇ ਕਿਸੇ ਨਾ ਕਿਸੇ ਪਿੰਡ ਚ ਸਾਡਾ ਨਾਟਕ ਹੁੰਦਾ। ਸੰਨ 1996 ਵਿੱਚ ਕਲਯੁਗ ਦੀ ਮੈਲ, ਭੂਤ ਅਤੇ ਸੁੰਨਾ ਚੌਂਕ ਆਦਿ ਮੇਰੇ ਰਚੇ ਨਾਟਕਾਂ ਨੂੰ ਮੇਰੇ ਕਲਾਕਾਰਾਂ ਨੇ ਬੜੀ ਸ਼ਿਦਤ ਨਾਲ ਖੇਡ ਕੇ ਵਿਭਿੰਨ ਥਾਵਾਂ ਤੇ ਦਰਸ਼ਕਾਂ ਤੋਂ ਖੂਬ ਪ੍ਰਸ਼ੰਸਾ ਖੱਟੀ। ਭਾਵੇਂ ਪੰਜਾਬ ਕਲਾ ਮੰਚ ਦੇ ਕਲਾਕਾਰ ਘਰੇਲੂ ਲੋੜਾਂ ਕਾਰਨ ਮੰਚ ਛੱਡਦੇ ਗਏ ਪਰ ਸਕੂਲ ਦੀ ਪਨੀਰੀ ਚੋਂ ਆਏ ਕਲਾਕਾਰ ਉਹਨਾਂ ਦਾ ਖੱਪਾ ਪੂਰਦੇ ਰਹੇ। ਸੰਨ 1999 ਵਿੱਚ ਮੇਰੀ ਬਦਲੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੇਗੋਵਾਲ ਵਿਖੇ ਹੋ ਗਈ। ਇਸ ਇਲਾਕੇ ਵਿੱਚ ਕਈ ਚੰਗੇ ਕਲਾਕਾਰ ਪ੍ਰਾਪਤ ਹੋਣ ਨਾਲ ਅਤੇ ਢਿਲਵਾਂ ਦੇ ਕਲਾਕਾਰਾਂ ਦੇ ਸਹਿਯੋਗ ਸਦਕਾ ਅਸੀਂ ਕਪੂਰਥਲਾ, ਹੁਸ਼ਿਆਰਪੁਰ, ਜਲੰਧਰ ਅਤੇ ਅੰਮ੍ਰਿਤਸਰ ਦੇ ਜ਼ਿਲਿਆਂ ਵਿੱਚ ਨਾਟਕ ਅਤੇ ਕੋਰਿਓਗ੍ਰਾਫੀਆਂ ਦੀ ਸਰਗਰਮੀ ਜਾਰੀ ਰੱਖੀ। ਇਸ ਸਮੇਂ ਤੱਕ ਮੇਰੀਆਂ ਦੋ ਨਾਟ-ਪੁਸਤਕਾਂ ਕਲਯੁਗ ਦੀ ਮੈਲ ਅਤੇ ਜਬੈ ਬਾਣ ਲਾਗਿਓ ਪ੍ਰਕਾਸ਼ਿਤ ਹੋ ਚੁਕੀਆਂ ਸਨ। ਸੰਨ 2000 ਵਿੱਚ ਭਾਸ਼ਾ ਵਿਭਾਗ ਪੰਜਾਬ



ਨੇ ਮੇਰੀ ਨਾਟ-ਪੁਸਤਕ ਜਬੈ ਬਾਣ ਲਾਗਿਓ ਨੂੰ ਸਰਵੋਤਮ ਪੁਸਤਕ ਐਲਾਨਦੇ ਹੋਏ ਆਈ. ਸੀ. ਨੰਦਾ ਪੁਰਸਕਾਰ ਮੇਰੇ ਨਾਂ ਕਰ ਦਿੱਤਾ। ਉਸ ਵਕਤ ਪੰਜਾਬ ਅਸਾਲਟਾਂ ਦੇ ਸਾਏ ਹੇਠ ਖੌਫਨਾਕ ਆਲਮ ਵਿੱਚ ਸੀ ਪਰ ਮੇਰੇ ਕਲਾਕਾਰਾਂ ਨੇ ਇੱਕ ਅਹਿਮ ਥਾਂ ਨਾਟਕ ਸੁੰਨਾ ਚੌਂਕ ਖੇਡਿਆਂ ਤਾਂ ਦਰਸ਼ਕ ਨਾਟਕ ਵੇਖਦੇ ਡਰ ਰਹੇ ਸਨ ਪਰ ਕਲਾਕਾਰ ਕਲਾ ਦੇ ਜੌਹਰ ਵਿਖਾ ਰਹੇ ਸਨ। ਇੱਕ ਨਗਰ ਵਿੱਚ ਨਾਟਕ 'ਚੋਰ' ਦਾ ਮੰਚਨ ਕਰ ਰਹੇ ਸੀ ਤਾਂ ਪ੍ਰਬੰਧਕਾਂ ਨੇ ਮੁੱਖ ਮਹਿਮਾਨ ਵਜੋਂ ਇੱਕ ਰਾਜਨੀਤਿਕ ਲੀਡਰ ਨੂੰ ਸੱਦਿਆ ਸੀ। ਨਾਟਕ ਦੇ ਨਾਇਕ ਕਿਸਾਨ ਨੇ ਇਹ ਸ਼ਬਦ ਕਹੇ "ਇਹ ਲੋਕ ਵੇਖਣ ਨੂੰ ਭੇਡਾਂ ਜਾਪਦੇ ਨੇ ਪਰ ਅੰਦਰੋਂ ਨਿਰੇ ਬਘਿਆੜ ਨੇ। ਜਦ ਇਹ ਹੱਸਦੇ ਨੇ ਤਾਂ ਇੰਜ ਜਾਪਦੈ, ਇਹਨਾਂ ਦੇ ਹਾਸਿਆਂ ਵਿਚੋਂ ਸਾਡੀਆਂ ਚੀਖਾਂ ਪੈਦਾ ਹੋਣਗੀਆ।"

ਇਹ ਸ਼ਬਦ ਸੁਣਦੇ ਸਾਰ ਲੀਡਰ ਕਿਨਾਰ ਕਰ ਗਿਆ। ਧਾਰਮਿਕ ਸਟੇਜਾਂ ਤੇ ਮੇਰੇ ਨਾਟਕ ਜਬੈ ਬਾਣ ਲਾਗਿਓ ਨੂੰ 50 ਕੁ ਥਾਵਾਂ ਤੇ ਖੇਡਿਆ ਗਿਆ। ਦਰਸ਼ਕਾਂ ਨੇ ਇਹ ਨਾਟਕ ਵੇਖਣ ਉਪਰੰਤ ਸਿੱਟਾ ਕੱਢਿਆ ਕਿ ਇਹ ਨਾਟਕ ਇਤਿਹਾਸਕ ਪ੍ਰਸੰਗ ਵਿੱਚ ਵੀ ਲੋਕਾਂ ਦੇ ਹੱਕਾਂ ਦੀ ਗੱਲ ਕਰਦਾ ਹੈ। ਰਾਤਾਂ ਨੂੰ ਨਾਟਕ ਕਰਨ ਉਪਰੰਤ ਘਰਾਂ ਨੂੰ ਪਰਤਨਾ ਤਾਂ ਰਾਹ ਵਿੱਚ ਸੀ.ਆਰ.ਪੀ. ਜਾਂ ਕਿਸੇ ਪੁਲਿਸ ਫੋਰਸ ਦੀ ਤਫ਼ਤੀਸ਼ ਵਿੱਚੋਂ ਗੁਜਰਨਾ ਪੈਂਦਾ।

ਸੰਨ 2013 ਵਿੱਚ ਕੁੱਝ ਸਾਹਿਤਕਾਰ ਸਾਥੀਆਂ ਅਤੇ ਸਾਹਿਤਕ ਪ੍ਰੇਮੀਆਂ ਦੇ ਸਹਿਯੋਗ ਸਦਕਾ ਪੰਜਾਬ ਕਲਾ ਮੰਚ ਬੇਗੋਵਾਲ ਨੇ ਤ੍ਰੈਮਾਸਿਕ ਰੂਹ ਪੰਜਾਬੀ ਕੱਢਣਾ ਸ਼ੁਰੂ ਕੀਤਾ। ਮੈਗਜ਼ੀਨ ਚਲਾਉਣਾ ਵਾਕਈ ਕੰਡਿਆਂ ਦੇ ਰਾਹ ਤੇ ਚਲਣ ਵਾਂਗ ਹੈ। ਹੱਥਲਾ ਅੰਕ 19 ਵੇਂ ਰੂਪ ਵਿੱਚ ਪਾਠਕਾਂ ਦੇ ਹੱਥਾਂ ਵਿੱਚ ਹੈ। ਇਸ ਸਮੇਂ ਤੱਕ ਮੇਰੀਆਂ ਛੇ ਨਾਟ-ਪੁਸਤਕਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਮੰਡੀ ਕਲਚਰ ਦੇ ਬੋਲਬਾਲੇ ਦੇ ਬਾਵਜੂਦ ਪੰਜਾਬ ਕਲਾ ਮੰਚ ਨੂੰ ਗੌਰਵ ਪ੍ਰਾਪਤ ਹੈ ਕਿ ਇਸਨੇ ਹੁਣ ਤੱਕ 300 ਥਾਵਾਂ ਤੇ ਨਾਟਕ ਮੰਚਨ ਕੀਤੇ, 200 ਕਲਾਕਾਰ ਸਟੇਜਾਂ ਤੇ ਪੇਸ਼ ਕੀਤੇ ਅਤੇ ਰੂਹ ਪੰਜਾਬੀ ਦੇ 18 ਸਫ਼ਲ ਅੰਕ ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਸਾਹਿਤ ਪ੍ਰੇਮੀਆਂ ਦੇ ਰੂਬਰੂ ਪੇਸ਼ ਕੀਤੇ।

**- ਸਤਵਿੰਦਰ ਬੇਗੋਵਾਲੀਆ**

◆◆◆

# ਕਾਵਿ ਸੰਸਾਰ

## *ਕਿੱਥੇ ਗਈਆਂ ਧਰਤੀਆਂ ਤੇ ਕਿੱਥੇ ਗਏ ਆਕਾਸ਼*

**ਪ੍ਰੋ. ਕੁਲਵੰਤ ਔਜਲਾ**

ਕਿੱਥੇ ਗਈਆਂ ਧਰਤੀਆਂ ਤੇ ਕਿੱਥੇ ਗਏ ਆਕਾਸ਼?
ਜੀਰ ਲਏ ਬਰੇਤਿਆਂ ਨੇ ਰਾਵੀ ਤੇ ਬਿਆਸ

'ਕੱਲੇ ਕੱਲੇ ਰਹਿਣ ਦਾ ਰਿਵਾਜ ਜੇਹਾ ਪੈ ਗਿਆ
ਛਾਂ ਦਾਰ ਬੰਦਾ ਬਸ ਕੋਈ ਕੋਈ ਰਹਿ ਗਿਆ।
ਬੱਝੀ ਹੋਈ ਰੁਟੀਨ ਵਾਂਗੂੰ ਧੜਕਦੇ ਸਵਾਸ
ਜੀਰ ਲਏ ਬਰੇਤਿਆਂ ਨੇ ਰਾਵੀ ਤੇ ਬਿਆਸ

ਤਖ਼ਤ ਹਜ਼ਾਰਾਂ ਪੌਂਡਾਂ, ਡਾਲਰਾਂ ਲਈ ਛੱਡਿਆਂ
ਨਸ਼ੇ ਦੇ ਵਪਾਰੀਆਂ ਨੇ ਮਿਰਜ਼ੇ ਨੂੰ ਵੱਢਿਆ
ਰੋਟੀ ਵੱਟੇ ਵੇਚਦਾ ਹੈ ਮਹੀਂਵਾਲ ਮਾਸ
ਕਿੱਥੇ ਗਈਆਂ ਧਰਤੀਆਂ ਤੇ ਕਿੱਥੇ ਗਏ ਆਕਾਸ਼?

ਨਾ ਕੋਈ ਪੰਘਰਦਾ ਤੇ ਨਾ ਕੋਈ ਪਸੀਜਦਾ
ਖਾਣ ਦੇ ਲਈ ਕਣਕ, ਮੱਕੀ, ਝੋਨਾ ਕੌਣ ਬੀਜਦਾ
ਪਹੁੰਚ ਗਈ ਘਰ ਘਰ ਬਿਸਲੇਰੀ ਪਿਆਸ
ਜੀਰ ਲਏ ਬਰੇਤਿਆਂ ਨੇ ਰਾਵੀ ਤੇ ਬਿਆਸ

ਕਾਲਿਆਂ ਕੁਕਰਮਾਂ ਦਾ ਖ਼ੂਬ ਘਮਸਾਨ ਹੈ
ਉਜੜਨ ਲਈ ਕਾਹਲਾ ਹੋਇਆ ਫਿਰਦਾ ਜਹਾਨ ਹੈ।
ਡਿਜੀਟਲ ਸੁਪਨਿਆਂ ਦਾ ਕੂੜਾ ਧਰਵਾਸ
ਕਿੱਥੇ ਗਈਆਂ ਧਰਤੀਆਂ ਤੇ ਕਿੱਥੇ ਗਏ ਆਕਾਸ਼?

ਲੂਹ ਦਿੱਤਾ ਆਂਦਰਾ ਨੂੰ ਮਰਮਰੀ ਮੁੱਹਬਤਾਂ
ਪੈਸੇ ਨਾਲ ਵਿਆਹ ਦਿੰਦੇ ਪਾਪੇ ਹੁਣ ਇੱਜ਼ਤਾਂ
ਔਨਲਾਈਨ ਸੇਲ ਉੱਤੇ ਲਾਇਆ ਪਰਵਾਸ



ਜੀਰ ਲਏ ਬਰੇਤਿਆਂ ਨੇ ਰਾਵੀ ਤੇ ਬਿਆਸ
ਧੰਦਾ ਜੇਹਾ ਬਣ ਗਈ ਨਗਨ ਸੰਵਦੇਨਾ
ਕਿਸਨੂੰ ਸੁਣਾਈਏ ਦਿਲ ਆਪਣੇ ਦੀ ਵੇਦਨਾ
ਵੋਟਾਂ ਦਾ ਬਰਾਂਡ ਬਣੇ ਫਿਰਕੂ ਲਿਬਾਸ
ਕਿੱਥੇ ਗਈਆਂ ਧਰਤੀਆਂ ਤੇ ਕਿੱਥੇ ਗਏ ਬਿਆਸ
ਜੀਰ ਲਏ ਬਰੇਤਿਆਂ ਨੇ ਰਾਵੀ ਤੇ ਬਿਆਸ।

01822-235343

◆◆◆

## ਘਰ ਦੇ ਨਿਰਮਾਤਾ

**ਰਤਨ ਟਾਹਲਵੀ**



ਮੇਰੇ ਘਰ ਦਾ ਨਿਰਮਾਤਾ
ਉਂਝ ਤਾਂ ਬੜਾ ਮਹਾਨ ਹੈ

ਇਹ ਵੱਖਰੀ ਹੈ ਗੱਲ
ਕਿ ਉਹ ਖੇਤ ਦੀ ਵਾੜ ਕਹਿ
ਖੇਤ ਨੂੰ ਖਾਣ ਦੀ ਬਜਾਏ
ਮਰੇ ਹੀ ਘਰ ਨੂੰ ਸੰਨ੍ਹ ਲਾ ਜਾਂਦਾ ਹੈ।
ਤੇ ਫਿਰ
ਜੋ ਹੁਲੀਆ ਮੇਰੇ ਘਰ ਦਾ ਬਣਦਾ ਹੈ
ਉਸ ਘਰ ਦਾ
ਉਹ ਬਣ ਜਾਂਦਾ ਹੈ ਆਖ਼ਰ ਨਿਰਮਾਤਾ।
ਨਿਰਮਾਤਾ ਮਹਾਨ
ਜਿਵੇਂ ਮੇਰਾ ਭਾਰਤ ਮਹਾਨ।
ਮੇਰੇ ਘਰ ਦੇ ਨਿਰਮਾਤਾ ਦੀ ਤੁਤਰੀ
ਚੱਲਦੀ ਤਾਂ ਬਹੁਤ ਤੇਜ਼ ਹੈ
ਤੇ ਉਸ ਤੇਜ਼ੀ ਵਿਚ ਗੁਰਬਤ ਤਕ ਰਗੜ ਕੇ
ਦਿੰਦੀ ਹੈ ਕਰ ਰਾਖ
ਤੇ ਉਸ ਗੁਰਬਤ ਦੀ ਰਾਖ ਢੇਰੀ ਤੇ।
ਯੋਜਨਾਵਾਂ ਦੇ ਮਹਿਲ ਉਸਾਰ ਤੁਤਕੀ ਮੂਕ ਹੋਈ
ਕਰੋੜਾਂ ਰੁਪਏ ਜਾਂਦੀ ਹੈ ਡਕਾਰ।
ਇਹ ਨਿਰਮਤਾ-ਰੱਬੀ ਰੂਹਾਂ ਦਾ ਰੂਪ ਧਾਰ

ਪਾਪ ਦੀ ਕਮਾਈ ਨੂੰ ਕਹਿ-
ਪਾਪਾਂ ਬਾਝ ਨਾ ਹੋਇ ਇਕੱਠੀ
ਇਕ ਨਵੇਂ ਘਰ ਦਾ ਨਿਰਮਾਣ ਕਰਨ ਲੱਗੀ ਏ।
ਤੇ ਇਸ ਘਰ 'ਚ
ਉਹ ਕੈਦੀ-ਜੀਵਨ ਕੱਟਣ ਲਈ ਤਿਆਰ
ਤਿਆਰ ਕਿ ਤਿਆਰ-ਬਰ-ਤਿਆਰ।
ਮੇਰਾ ਭਾਰਤ ਮਹਾਨ
ਮੇਰਾ ਭਾਰਤ ਮਹਾਨ।

**ਪਿੰਡ ਤੇ ਡਾਕ. ਟਾਹਲੀ**
**ਜ਼ਿਲ੍ਹਾ ਹੁਸ਼ਿਆਰਪੁਰ**
81462-10637

◆◆◆

## "ਫ਼ਰਕ"

**ਰਜਿੰਦਰ ਵਰਮਾ**

ਉਹ ਜੰਮਿਆ,
ਗੁੜ ਵੰਡਿਆ
ਢੋਲ ਵੱਜਿਆ
ਤੂੰ ਦਾਰੂ ਨਾਲ ਰੱਜਿਆ
ਮੇਰਿਆ ਬਾਬਲਾ..
ਮੈਂ ਜੰਮੀ
ਤੈ ਕਿਹਾ ਨਿਕੰਮੀ,
ਕਿੱਥੋਂ ਪੱਥਰ ਆ ਗਿਆ
ਕਿੱਥੋਂ ਪੱਥਰ ਦੇ ਦਿੱਤਾ
ਰੱਬ ਨੇ..
ਉਹ ਹਾਰੀ ਮੋਤੀ ਬਣਿਆ
ਮੈਂ ਪੱਥਰ ਹੀ ਰਹੀ..
ਮੈਂ ਪੱਥਰ, ਪੜ੍ਹ ਲਿਖ ਕੇ
ਪੈਰਾਂ ਸਿਰ ਹੋਈ
ਉਹ ਅੱਧ ਵਿਚਾਲਿਓਂ,
ਹਟ ਗਿਆ ਪੜ੍ਹਨੋਂ,
ਨਸ਼ੇੜੀ ਬਣ ਗਿਆ...
ਘਰ ਦੀਆਂ ਟੂੰਮਾਂ ਵੇਚਣ ਲੱਗਾ,



ਜ਼ਮੀਨ ਵੇਚਣ ਲੱਗਾ,
ਤੇਰਾ ਸਹਾਰਾ ਨਾ ਬਣ ਸਕਿਆ।
ਡੰਗੋਰੀ ਟੁੱਟ ਗਈ...
ਅੱਧ ਵਿਚਕਾਰੋ..
ਤੇਰਾ ਸਹਾਰਾ
ਉਡਾਰੀ ਮਾਰ ਗਿਆ
ਚਲਾ ਗਿਆ,
ਦੂਰ ਬਹੁਤ ਦੂਰ..
ਜਿਥੋਂ ਕੋਈ ਨਹੀਂ ਮੁੜਦਾ
ਨਾ ਕੋਈ ਮੁੜਿਆ ਏ
ਰੁੜ ਗਿਆ ਨਸ਼ੇ ਦੇ
ਛੇਵੇਂ ਦਰਿਆ ਵਿੱਚ...

**99142-21910**

◆◆◆

## ਟਾਹਣੀਓ ਟੁੱਟਿਆ ਫੁੱਲ ਹਾਂ ਲੋਕੋ,

**ਪ੍ਰਸ਼ੋਤਮ ਪੱਤੋ**



ਟਾਹਣੀਓ ਟੁੱਟਿਆ ਫੁੱਲ।
ਟੁੱਟੇ ਦਿਲ ਦਾ ਕਦੇ ਨਾ,
ਪੈਂਦਾ ਸੱਜਣੋ ਏਥੇ ਮੁੱਲ।
ਪੈਸੇ ਦੇ ਨਾਲ ਆਉਣ ਬਹਾਰਾਂ,
ਬਾਗੀਂ ਵਿਲਕਣ ਮਾਲੀ,
ਭੌਰਿਆਂ ਦੇ ਮੁਰਝਾਏ ਚਿਹਰੇ,
ਹੋਠਾਂ ਤੇ ਨਾ ਲਾਲੀ।
ਮਤਲਬ ਖੋਰ ਨੇ ਰੁੱਤਾਂ ਏਥੇ,
ਗਈਆਂ ਮੇਰੇ ਤੇ ਝੁੱਲ।
ਟਾਹਣੀਓਂ ਟੁੱਟਿਆ.......
ਮੰਦਰਾਂ ਵਿੱਚ ਚੜ੍ਹਾਉਣ ਯੋਗ ਨਾ,
ਮੈਂ ਚਿੱਕੜ ਦਾ ਜਾਇਆ।
ਹੀਰੇ ਦੀ ਥਾਂ ਕੱਚ ਹੈ ਵਿਕਦਾ,
ਕੌਡੀ ਮੁੱਲ ਨਾ ਪਾਇਆ।
ਜੂੜੇ ਵਿੱਚ ਸਜਾਵਣ ਦੀ ਵੀ,

ਕੀਤੀ ਕਿਸੇ ਨਾ ਭੁੱਲ।
ਟਾਹਣੀਓਂ ਟੁੱਟਿਆ.......
ਨਾ ਮਾਲੀ ਨਾ ਬੂਟਿਆਂ ਚਾਹਿਆ,
ਰੁੱਖਾਂ ਮੁੱਖ ਭਵਾਇਆ।
ਜਿਹੜੇ ਬੁੱਲੋਂ ਨੀਂ ਸੀ ਲਾਹੁੰਦੇ,
ਉਨ੍ਹਾਂ ਪੈਰਾਂ ਹੇਠ ਟਿਕਾਇਆ।
ਮੈਂ ਤਾਂ ਕਮਲਾ ਐਵੇਂ,
ਹਰੇਕ 'ਤੇ ਜਾਂਦਾ ਸੀ ਡੁਲ-ਡੁਲ।
ਟਾਹਣੀਓਂ ਟੁੱਟਿਆ.......
ਆਪਣਿਆਂ ਨੇ ਪਾਸਾ ਵੱਟਿਆ,
ਗੈਰਾਂ ਨੇ ਗਲ ਲਾਇਆ।
ਮਿੱਤਰਾਂ ਨੂੰ ਵੀ ਪੈ ਗਏ ਤੰਦੂਏ,
ਜਦੋਂ ਡੋਲੀ ਵਿੱਚ ਸਜਾਇਆ।
ਪੱਤੋਂ ਵਾਲਾ ਅੱਜ ਵੀ ਪੂਜੇ,
ਕਰਵਾ ਕੇ ਦੀਵਾ ਗੁੱਲ।
ਟਾਹਣੀਓਂ ਟੁੱਟਿਆ ਫੁੱਲ ਹੈ ਲੋਕੋ...

98550-38775

◆◆◆

## ਖਾਮੋਸ਼-ਰਿਸ਼ਤਾ

**ਸ਼ਰਨਜੀਤ ਕੌਰ ਨਿਜ਼ਾਮਪੁਰ**



ਹਰ ਰੋਜ਼ ਉਨ੍ਹਾਂ ਰਾਹਾਂ ਤੇ ਉਹ ਆਉਂਦਾ ਸੀ।
ਜਿਨ੍ਹਾਂ ਰਾਹਾਂ ਤੋਂ ਮੈਂ ਲੰਘਦੀ ਸੀ।
ਤੱਕਦੀ ਸੀ, ਅੱਖਾਂ ਚਰਾਉਂਦੀ ਸੀ।
ਦਿਲ ਵਿੱਚ ਹੀ ਮੁਸਕਰਾਉਂਦੀ ਸੀ।
ਇੱਕ ਦੋ ਵਾਰੀ ਉਹਨੇ ਵੀ ਤੱਕਿਆ ਸੀ।
ਬੜਾ ਗੰਭੀਰ ਹੋਕੇ ਉਹ ਹੱਸਿਆ ਸੀ।
ਕਿੰਨਾ ਸਮਾਂ ਰਾਹ ਟਕਰਾਉਂਦੇ ਰਹੇ।
ਖਾਮੋਸ਼ ਰਿਸ਼ਤਾ ਨਿਭਾਉਂਦੇ ਰਹੇ।
ਨੈਣਾਂ ਰਾਹੀਂ ਪੁਲ ਪਿਆਰ ਦਾ,
ਦਿਲ ਦੇ ਤਾਂਈ ਬਣਾਉਂਦੇ ਰਹੇ।
ਮੇਰੇ ਨੈਣ ਵੀ ਸ਼ਾਇਦ ਉਸਦੇ ਅੰਦਰ,



ਇਸ਼ਕ ਦੀ ਚਿਣਗ ਜਗਾਉਂਦੇ ਰਹੇ।
ਅੱਖਾਂ ਹੀ ਬੋਲੀਆਂ ਸੀ,
ਚੁੱਪ ਨਾਲ ਰਿਸ਼ਤਾ ਨਿਭਾਉਂਦੇ ਰਹੇ।
ਜਿਸ ਮੋੜ ਤੇ ਆ ਕੇ ਮਿਲਦੇ ਸੀ,
ਉਸ ਮੋੜ ਨੂੰ ਸਿਰ ਝੁਕਾਉਂਦੇ ਰਹੇ।
ਅੱਜ ਕਰਨੇ ਦੀਦਾਰ ਉਸ ਅਜਨਬੀ ਦੇ,
ਆਸਾਂ ਦੇ ਦੀਪ ਜਗਾਉਂਦੇ ਰਹੇ।
ਨਾ ਪਿਆਰ ਸੀ, ਨਾ ਦੋਸਤੀ,
ਅਜ਼ੀਬ ਜਿਹਾ ਰਿਸ਼ਤਾ ਨਿਭਾਉਂਦੇ ਰਹੇ।
ਨਾ ਉਹ ਬੋਲਿਆ, ਨਾ ਮੈਂ ਬੋਲੀ।
ਬੱਸ ਨੈਣ ਹੀ ਬਾਤਾਂ ਪਾਉਂਦੇ ਰਹੇ।

**ਪਿੰਡ ਤੇ ਡਾ. ਨਿਜ਼ਾਮਪੁਰ (ਲੁਧਿਆਣਾ)**
**ਮੋਬਾ -98554-83413**

◆◆◆

## ਕਣ ਕਣ ਵਿੱਚ

**ਸੁਖਬੀਰ ਸਿੰਘ ਨੂਰ**



ਕਣ ਕਣ ਵਿੱਚ ਜੇ ਵੱਸਦਾ ਭਗਵਾਨ ਹੈ ਇੱਥੇ।
ਇਨਸਾਨ 'ਚ ਕਿਉਂ ਨਹੀਂ ਇਨਸਾਨ ਹੈ ਇੱਥੇ।
ਵੇਖ ਵੇਖ ਕੇ ਰਹਿ ਜਾਈਏ ਹੱਕਾ ਬੱਕਾ।
ਦਾਨ ਕਰਨ ਲਈ ਵੀ ਹੁੰਦਾ ਧੱਕਮ ਧੱਕਾ।
ਬੇਸਹਾਰਿਆਂ ਦਾ ਕੌਣ ਮਿਹਰਬਾਨ ਹੈ ਇੱਥੇ?
ਇਨਸਾਨ....

ਭਗਵਾਨ ਨੂੰ ਤਾਂ ਚੜ੍ਹਾਵੇ ਕਰੋੜਾਂ 'ਚ ਚੜ੍ਹਦੇ।
ਫਿਰ ਵੀ ਭਿਖਾਰੀ ਨੇ ਪੌੜੀਆਂ ਤੇ ਮਰਦੇ।
ਲਗਦਾ ਨਹੀਂ ਕੋਈ ਨਿਗੇਬਾਨ ਹੈ ਇੱਥੇ।
ਇਨਸਾਨ....

ਪੂਜੇ ਜਾਂਦੇ ਜਿਹੜੇ ਵਾਂਗ ਸੰਤ ਪਰਉਪਕਾਰੀ।
ਕਿਸੇ ਕੋਲ ਸਫ਼ਾਰੀ ਤੇ ਕਿਸੇ ਕੋਲ ਫ਼ਰਾਰੀ।
ਲਕਸ਼ਮੀ ਦਾ ਵੀ ਪੂਰੀ ਮਿਹਰਬਾਨ ਹੈ ਇੱਥੇ।
ਇਨਸਾਨ.......

ਭਗਵਾਨ ਦੇ ਰੂਪ ਵਿੱਚ ਜਦ ਸ਼ੈਤਾਨੀ ਇਹ ਕਰਦੇ।
ਲੱਖਾਂ ਨਿਰਦੋਸ਼ ਫਿਰ ਬਿਨ ਆਈ ਨੇ ਮਰਦੇ।
ਕੂੜ ਧਰਮ ਦਾ ਜਨੂੰਨ ਵਰਦਾਨ ਹੈ ਇੱਥੇ।
ਇਨਸਾਨ......

**ਪ੍ਰਿੰਸੀਪਲ**
**ਸ:ਸ ਸ ਸ. ਜੌਂਦੜ, ਗੁਰਦਾਸਪੁਰ**
ਮੋ. 82830-80964

# .ਗ਼ਜ਼ਲ ਸੱਥ

## ਪ੍ਰਤਾਪ "ਪਾਰਸ" ਗੁਰਦਾਸਪੁਰ

ਮਿਲ ਕੇ ਹਾਲ ਸੁਣਾਇਆ-ਉਪਰੋਂ-ਉਪਰੋਂ,
ਗਲ ਦੇ ਨਾਲ ਹੈ ਲਾਇਆ -ਉਪਰੋਂ-ਉਪਰੋ।

ਜੀ ਆਇਆਂ ਨੂੰ ਕਹਿਣਾ ਵੀ ਮਜ਼ਬੂਰੀ ਸੀ,
ਹਾਰ ਗਲੇ ਵਿਚ ਪਾਇਆ-ਉਪਰੋਂ-ਉਪਰੋਂ।

ਦਿਲ ਦੀ ਹਾਲਤ ਤੋਂ ਤਾਂ ਉਹ ਵੀ ਜਾਣੂ ਸੀ,
ਦੱਸਕੇ .ਫ਼ਰਜ਼ ਨਿਭਾਇਆ-ਉਪਰੋਂ-ਉਪਰੋਂ।

ਤੇਰੇ ਬਾਝ ਹੈ ਜੀਅ ਨਹੀਂ ਲੱਗਿਆ ਆਖੇ ਤੋਂ,
ਮੈਂ ਵੀ ਪਿਆਰ ਲੁਟਾਇਆ-ਉਪਰੋਂ ਉਪਰੋਂ।

ਤੋਹਫ਼ੇ ਦੇ ਵਿਚ ਲੈ ਗੁਲਦਸਤਾ ਆਇਆ ਜੋ,
ਚੁੰਮ ਸੀਨੇ ਨਾਲ ਲਾਇਆ-ਉਪਰੋਂ ਉਪਰੋਂ।

ਦੋਹਾਂ ਦੇ ਦਿਲ ਵਿਛੜਨ ਲਈ ਕਾਹਲੇ ਸੀ,
ਕਿੰਨਾ ਈ ਵਕਤ ਬਿਤਾਇਆ-ਉਪਰੋਂ-ਉਪਰੋਂ।

ਜਦ ਆਥਣ ਨੂੰ ਮਹਿਫ਼ਲ ਜੰਮੀਂ ਸ਼ਾਇਰੀ ਦੀ,
ਉਹ ਵੀ ਨਾਲ ਬਿਠਾਇਆ-ਉਪਰੋਂ ਉਪਰੋਂ।



ਸ਼ੇਅਰੋ-ਸ਼ਾਇਰੀ "ਪਾਰਸ" ਕੀਕਣ ਚੱਲਦੀ ਏ,
ਇਕ-ਦੋ ਸ਼ੇਅਰ ਵਿਖਾਇਆ-ਉਪਰੋਂ-ਉਪਰੋਂ।

ਜਦ ਪ੍ਰਸ਼ੰਸਾ ਝੂਠੀ ਜਈ ਉਹ ਕਰਦਾ ਸੀ,
ਅਸਾਂ ਵੀ ਖ਼ੂਬ ਸਲਾਇਆ-ਉਪਰੋਂ ਉਪਰੋਂ।

**ਹਰਦੋਛੰਨੀ ਰੋਡ, ਪ੍ਰੇਮ ਨਗਰ,** 787/10
**ਨੇੜੇ ਮਹਿਤਾ ਪੀ.ਸੀ.ਓ.,**
**ਗੁਰਦਾਸਪੁਰ।**
**ਫ਼ੋਨ** 09988811681

◆◆◆

* ਕਰਦਾ ਏ ਪੂਜਾ ਪਾਠ ਸੰਸਾਰ ਉਤੋਂ ਉਤੋਂ,
ਰੱਬ ਵੀ ਕਰਦਾ ਇਤਬਾਲ ਉਤੋਂ ਉਤੋਂ।

**-ਸਵ. ਉਲਫ਼ਤ ਬਾਜਵਾ**

◆◆◆

## ਭਜਨ ਸਿੰਘ ਵਿਰਕ

ਸੱਚ-ਸੁਹੱਪਣ, ਕੁਦਰਤ ਹੁੰਦੇ ਕਵੀਆਂ ਦੇ ਸਿਰਨਾਵੇਂ।
ਪਾਕ-ਪਵਿੱਤਰ ਰੂਹਾਂ ਵਰਗੇ ਨਜ਼ਮਾ ਦੇ ਸਿਰਨਾਵੇਂ।
ਖ਼ਾਸ ਦਿਹਾੜਾ ਆਇਆ ਰਹਿੰਦਾ, ਹਰ ਤੀਜੇ ਜਾਂ ਚੌਥੇ,
ਉਦੋਂ ਸਕੂਲੀ ਬੱਚੇ ਬਣਦੇ ਸੜਕਾਂ ਦੇ ਸਿਰਨਾਵੇਂ।
ਇਸ਼ਕ ਜਦੋਂ ਵੀ ਗੂੰਗਾ ਬਣਦਾ, ਫਿਰ ਵੀ ਹੈ ਗੱਲ ਕਰਦਾ
ਪਿਆਰ-ਇਸ਼ਾਰੇ ਹੁੰਦੇ ਨੇ ਫਿਰ ਨੈਣਾਂ ਦੇ ਸਿਰਨਾਵੇਂ।
ਵਾਢੀ ਕਰਦਾ, ਫਲ੍ਹੇ ਚਲਾਉਂਦਾ, ਜਦ ਸੀ ਮੁੜ੍ਹਕੋ-ਮੁੜ੍ਹਕੀ,
ਉਸ ਵੇਲੇ ਸੀ ਪੁੱਛਦਾ ਬੰਦਾ ਮਸ਼ਕਾਂ ਦੇ ਸਿਰਨਾਵੇਂ।
ਹੁਸਨ-ਇਸ਼ਕ ਦੀ ਖੇਡ ਨਿਰਾਲੀ, ਇਸ ਵਿਚ ਪੁੱਗਣ ਹੀਰਾਂ
ਰਾਂਝੇ ਵਰਗੇ ਅਣਖੀ ਬਣਦੇ ਛਮਕਾਂ ਦੇ ਸਿਰਨਾਵੇਂ।
ਬਿਲਕੁਲ ਨਹੀਂ ਸਿਆਣਪ ਵਰਤੀ, ਹੁਣ ਭੁਗਤਾਂਗੇ ਸਿੱਟਾ

ਅਸੀਂ ਗਲ਼ੀਂ ਪੁਆ ਲਏ ਐਵੇਂ ਨਾਗਾਂ ਦੇ ਸਿਰਨਾਵੇਂ।
ਵਿਸ਼ਵਾਸ ਆਸਰੇ ਬੈਠੀ ਜੋ ਮਿਹਨਤ ਬੇਬਸ ਹੋਈ
ਹੱਥ ਮਲ਼ਦੇ ਹੀ ਰਹਿ ਜਾਂਦੇ ਨੇ ਮੰਗਾਂ ਦੇ ਸਿਰਨਾਵੇਂ।
ਫੁੱਲਾਂ ਵਰਗੇ ਬੱਚੇ ਸੀ ਲਲਕਾਰੇ ਜ਼ਾਲਮ ਤਾਈਂ
ਲੋਕ-ਦਿਲਾਂ ਵਿਚ ਬੈਠੇ ਨਿੱਕੀਆਂ ਜਿੰਦਾਂ ਦੇ ਸਿਰਨਾਵੇਂ।
ਅਸੀਂ ਜਿਨ੍ਹਾਂ ਨੂੰ ਤਖ਼ਤ ਬਿਠਾਉਂਦੇ, ਹੱਥੀਂ ਕਰੀਏ ਛਾਵਾਂ,
ਓਹੀ ਲੋਕੀ ਸਾਨੂੰ ਸਮਝਣ ਤੱਪੜਾਂ ਦੇ ਸਿਰਨਾਵੇਂ।

**ਪਿੰਡ. ਤੇ ਡਾਕ. ਵਿਰਕ, ਜ਼ਿਲ੍ਹਾ ਜਲੰਧਰ**

◆◆◆

## ਸੁਰਜੀਤ ਦੇਵਲ



ਭੁੱਲਜੇ ਉਹ ਮੁਖ਼ਾਲਫ਼ਤ, ਕਰਨੀ ਤੇਰੀ ਯਾਰ।
ਦਿਲ ਉਹਦੇ ਵਿੱਚ ਰਮ ਜਾ, ਬਣ ਕੇ ਪਾਕ ਪਿਆਰ।
ਵਿੱਦਿਆ ਮੰਦਰ ਸੜ ਰਹੇ, ਜੰਨਤ ਲਹੂ ਲੁਹਾਨ,
ਸਾਰੇ ਕਾਹਦੇ ਦਮਗ਼ਜੇ, ਹਾਕਮ ਵਿੱਚ ਹੰਕਾਰ।
ਖੇਤਾਂ ਦਿਆ ਰਾਜਿਆਂ, ਲੁਟਣ ਤੈਨੂੰ ਦਲਾਲ,
ਖ਼ੁਦਕੁਸ਼ੀ ਤੇਰਾ ਹਲ ਨਾ, ਲੋਟੂ ਨੂੰ ਲਲਕਾਰ।
ਪੱਤਝੜ ਦੇ ਕੋਹਰਾਮ ਤੋਂ, ਨਾ ਹੋ ਬਿਰਖ਼ ਉਦਾਸ,
ਦਿਨ ਤੇਰੇ ਵੀ ਫਿਰਨਗੇ, ਆਊ ਫੇਰ ਬਹਾਰ।
ਕਾਮੇ ਤੇ ਮਜ਼ਦੂਰ ਨੇ, ਸੁੱਕੇ ਟੁਕੜੇ ਖਾਣ,
ਛਕਣ ਪੁਜਾਰੀ ਫਲ, ਦੁੱਧ, ਲੋਕਾਂ ਦੀ ਮਤ ਮਾਰ।
ਵੇਖ ਤੂਫ਼ਾਨ ਬਿਰਖ਼ ਦੀ, ਲਈਏ ਜਿਸਦੀ ਓਟ
ਦੱਬ ਲੈਂਦੇ ਓਹੀ ਕਦੇ, ਖੜਨਾ ਹੋ ਹੁਸ਼ਿਆਰ।
ਭੁੱਖ ਜਿਨ੍ਹਾਂ ਨੂੰ ਚੋਧਰ ਦੀ, ਰੱਖਣ ਪਾ ਘਮਸਾਣ,
ਦੇਵਲ ਕੁਫ਼ਰ ਨਾ ਤੋਲੇ, ਬੋਲਦੈ ਵਜ਼ਨਦਾਰ।

◆◆◆



## ਮਹਿੰਦਰ ਸਿੰਘ ਮਾਨ

ਨਾ ਰੱਖੀਂ ਯਾਦ ਮੈਨੂੰ ਕਹਿ ਗਿਆ ਹੈ।
ਉਹ ਤਾਂ ਹੀ ਮੇਰੇ ਮਨ ਤੋਂ ਲਹਿ ਗਿਆ ਹੈ।
ਕਿਸੇ ਮੰਜ਼ਲ ਤੇ ਉਸ ਨੇ ਪਹੁੰਚਣਾ ਕੀ,
ਜੋ ਰਾਹੀਂ ਰਾਹ ਦੇ ਵਿੱਚ ਹੀ ਬਹਿ ਗਿਆ ਹੈ।
ਕਦੇ ਉਹ ਪੁੱਤ ਵਧ ਨ੍ਹੀ ਸਕਦਾ ਅੱਗੇ,
ਕਮਾਈ ਪਿਉ ਦੀ ਤੇ ਜੋ ਬਹਿ ਗਿਆ ਹੈ।
ਤਜਾਰਤ ਪਿਆਰ ਨੂੰ ਜੋ ਸਮਝਦਾ ਸੀ,
ਉਹ ਕੱਲਾ ਜ਼ਿੰਦਗੀ ਵਿੱਚ ਰਹਿ ਗਿਆ ਹੈ।
ਉਹ ਹਰ ਵੇਲੇ ਦਿਸੇ ਚਿੰਤਾ 'ਚ ਡੁੱਬਿਆ,
ਉਦੋਂ ਦਿਲ ਵਿੱਚ ਕੁਝ ਤਾਂ ਬਹਿ ਗਿਆ ਹੈ।
ਉਦ੍ਹਾਂ ਤੇਰੇ ਬਿਨ੍ਹਾਂ ਸਰਨਾ ਨਹੀਂ ਸੀ,
ਉਹ ਤਾਂ ਹੀ ਜ਼ੁਲਮ ਤੇਰਾ ਸਹਿ ਗਿਆ ਹੈ।
ਉਦੋਂ ਦਾ ਭਾਰ ਲੱਗੇ ਉਹ ਪੁੱਤਾਂ ਨੂੰ,
ਜਦੋਂ ਦਾ ਮੰਜੀ ਤੇ ਪਿਉ ਬਹਿ ਗਿਆ ਹੈ।

◆◆◆

## ਕਲਿਆਣ ਅੰਮ੍ਰਿਤਸਰੀ

ਦਿਲਾਂ ਵਿੱਚ ਰੱਖੋਗੇ ਜੇ ਫ਼ਾਸਲੇ ਹਜ਼ੂਰ।
ਮੁਹੱਬਤਾਂ ਨੇ ਰਹਿਣਾ ਕੀਹਦੇ ਆਸਰੇ ਹਜ਼ੂਰ।
ਦੂਰ ਵਾਲਿਆਂ ਦਾ ਰੱਖਣਾ ਵੀ ਮਾਣ ਚਾਹੀਦੈ,
ਪਰ ਹੋ ਨਾ ਜਾਣ ਦੂਰ ਕਿਤੇ ਲਾਗਲੇ ਹਜ਼ੂਰ।
ਸੋਚਾਂ ਵਿੱਚ ਰੱਖਿਓ ਗ਼ੁਲਾਬ ਸਦਾ ਟਹਿਕਦੇ,
ਮਹਿਕਾਂ ਸੰਗ ਰੱਖਣੇ ਜੇ ਰਾਬਤੇ ਹਜ਼ੂਰ।
ਘੁੱਗੀਆਂ ਕਬੂਤਰਾਂ ਦੇ ਖੰਭ ਨੋਚੇ ਜਾਂਦੇ ਨੇ,
ਤੇ ਕੂੰਜਾਂ ਦੇ ਲੁਟੇਂਦੇ ਨਿੱਤ ਕਾਫ਼ਲ ਹਜ਼ੂਰ।
'ਨੀਂਦਾਂ ਸਾਡੀਆਂ ਨੇ ਹਰ ਰਾਤੀਂ ਚੋਰੀ ਹੁੰਦੀਆਂ,
ਤੇ ਨਿੱਤ ਨੇ ਲੁਟੇਂਦੇ, ਖ਼ਾਬ ਰਾਂਗਲੇ ਹਜ਼ੂਰ।
ਪਤਾ ਨਹੀ ਉਹ ਕਿੰਨੀਆਂ ਬਣਾਈ ਬੈਠੇ ਦੂਰੀਆਂ,
ਸਾਹਾਂ ਤੋਂ ਵੀ ਕੋਲ ਜਿਹੜੇ ਜਾਪਦੇ ਹਜ਼ੂਰ।

# ਗੀਤ ਪਟਾਰੀ

## ਦੱਸ ਕਿਹੜੇ ਦੇਸ਼ ਅੰਮੀਏ

**ਜਗਜੀਤ ਸਿੰਘ 'ਗੁਰਮ'**



ਸੁਤੀਆਂ ਦੀ ਜੋਤ ਬੁਝਦੀ
ਕਾਹਤੋਂ ਚਾਰੇ ਪਾਸੇ ਕੀਤੈ ਅੰਧਕਾਰ।
ਦੱਸ ਕਿਹੜਾ ਦੇਸ਼ ਅੰਮੀਏ
ਜਿੱਥੇ ਸੁਣੀ ਜਾਵੇ ਸਾਡੀ ਵੀ ਪੁਕਾਰ।

ਸੰਗਦੀ ਸੰਗਾਉਂਦੀ ਰਹਿ ਗਈ
ਬੋਲ ਦਿਲ ਦਾ ਦਿਲ ਵਿੱਚ ਬਹਿ ਗਿਐ।
ਬਾਬਲੇ ਦਾ ਦੇਸ਼ ਅੰਮੀਏ
ਹੁਣ ਕਿਧਰੇ ਨਾ ਸਾਡੇ ਜੋਗਾ ਰਹਿ ਗਿਐ।
ਜੰਮਣੇ ਤੋਂ ਪਹਿਲਾਂ ਸਾਨੂੰ ਹੀ
ਦੇਣ ਕੁੱਖ ਵਿਚ ਰਲ ਸਭੇ ਮਾਰ।
ਦੱਸ ਕਿਹੜਾ ਦੇਸ਼ ਅੰਮੀਏ.........।

ਸਾਡੇ ਬਾਝੋਂ ਦਸ ਤਾਂ ਸਹੀ
ਕੀਹਨੇ ਗੁੱਡੀਆਂ ਸਜਾਉਣੀਆਂ ਵਿਆਹਣੀਆਂ।
ਗੁੱਡੇ ਇੱਥੇ ਰੁਲੇ ਰਹਿਣਗੇ
ਖੇਡਾਂ ਦਸ ਕਾਹਤੋਂ ਸਾਡੀਆਂ ਮੁਕਾਉਣੀਆਂ।
ਸੁੰਨੇ ਸੁੰਨੇ ਵਿਹੜੇ ਹੋਣਗੇ
ਭੁੱਲ ਜਾਣੇ ਸਭੇ ਹਾਰ ਤੇ ਸ਼ਿੰਗਾਰ।
ਦੱਸ ਕਿਹੜਾ ਦੇਸ਼ ਅੰਮੀਏ......।

ਬਾਗੋਂ ਜੇ ਬਹਾਰ ਉਡਗੀ
ਰੁੱਤਾਂ ਰਹਿਣਗੀਆਂ ਸਦਾ ਹੀ ਉਦਾਸੀਆਂ।
ਆਉਣੀਆਂ ਨਾ ਮਹਿਕਾਂ ਸੰਦਲੀ,



ਇੱਥੇ ਫਿਰਨੈ ਹਵਾਵਾਂ ਹੋ ਨਿਰਾਸ਼ੀਆਂ।
ਫੁੱਲ ਕਿਤੇ ਖਿੜਣੇ ਨਹੀਂ।
ਕੌਣ ਦਸ ਕੀਹਨੂੰ ਦਊ ਉਪਹਾਰ।
ਦੱਸ ਕਿਹੜਾ ਦੇਸ਼ ਅੰਮੀਏ.......।

ਹਰ ਘਰ ਰਹੇ ਰੋਸ਼ਨੀ
ਰਹੀਏ ਕਰਦੇ ਸਦਾ ਹੀ ਦੁਆਵਾਂ
ਟਹਿਣੀਆਂ ਜੇ ਰਹੇ ਤੋੜਦੇ
ਕਿੱਥੇ ਮਾਣੋਗੇ ਠੰਢੜੀਆਂ ਛਾਵਾਂ।
'ਗੁਰਮਾ' ਖਿੜਨ ਕਲੀਆਂ
ਮਹਿਕਾਉਣ ਆ ਚਮਨ ਬਾਰ ਬਾਰ।
ਦੱਸ ਕਿਹੜਾ ਦੇਸ਼ ਅੰਮੀਏ...

◆◆◆

## ਜਾਗੋ ਪੰਜਾਬ

**ਸਰਦਾਰ ਪੰਛੀ**

ਆਪਾਂ ਆਪ ਜਾਗਣਾ ਜਗਾਉਣਾ ਏਂ ਪੰਜਾਬ ਨੂੰ।
ਧਰਤੀ ਦਾ ਸਵਰਗ ਬਨਾਉਣਾ ਏਂ ਪੰਜਾਬ ਨੂੰ।

ਸਾਡੇ ਸਿਰਾਂ ਉੱਤੇ ਜਿੰਨਾ ਕਰਜ਼ਿਆਂ ਦਾ ਭਾਰ ਏ।
ਇਹ ਸਾਡੀ ਇੱਜ਼ਤ ਅਤੇ ਗ਼ੈਰਤ ਉੱਤੇ ਵਾਰ ਏ।
ਕਰਜ਼ਿਆਂ ਤੋਂ ਮੁਕਤ ਕਰਾਉਣਾ ਏਂ ਪੰਜਾਬ ਨੂੰ।
ਧਰਤੀ ਦਾ ਸਵਰਗ ਬਨਾਉਣਾ ਏਂ ਪੰਜਾਬ ਨੂੰ।

ਨਸ਼ਿਆਂ ਦੇ ਟੀਕੇ ਅੱਜ ਘਰ ਘਰ ਆ ਗਏ।
ਬਣ ਕੇ ਸਿਉਂਕ ਜੋ ਜਵਾਨੀ ਤਾਈਂ ਖਾ ਗਏ।
ਨਸ਼ਿਆਂ ਦੀ ਕੈਦ ਚੋਂ ਛੁਡਾਉਣਾ ਏਂ ਪੰਜਾਬ ਨੂੰ।
ਧਰਤੀ ਦਾ ਸਵਰਗ ਬਨਾਉਣਾ ਏਂ ਪੰਜਾਬ ਨੂੰ।

ਪਿੰਡਾਂ ਵਿੱਚ ਮਿੱਲਾਂ ਅਤੇ ਕਾਰਖਾਨੇ ਲਾਉਣੇ ਨੇ।
ਬੇਰੁਜ਼ਗਾਰਾਂ ਤਾਈਂ ਕੰਮ ਵੀ ਦੁਆਉਣੇ ਨੇ।
ਭੁੱਖੇ ਢਿੱਡ ਹੁਣ ਨਾ ਸੁਆਉਣਾ ਏਂ ਪੰਜਾਬ ਨੂੰ।
ਧਰਤੀ ਦਾ ਸਵਰਗ ਬਨਾਉਣਾ ਏਂ ਪੰਜਾਬ ਨੂੰ।

ਵਹਿਮਾਂ ਅਤੇ ਭਰਮਾਂ ਦੇ ਜਾਲ ਤੋੜ ਦੇਣੇ ਨੇ।
ਸੱਚੀ ਸੁੱਚੀ ਸੋਚ ਵੱਲ ਰਾਹ ਮੋੜ ਦੇਣੇ ਨੇ।
ਏਦਾਂ ਦੀ ਤਰੱਕੀ ਰਾਹ ਪਾਉਣਾ ਏਂ ਪੰਜਾਬ ਨੂੰ।
ਧਰਤੀ ਦਾ ਸਵਰਗ ਬਨਾਉਣਾ ਏਂ ਪੰਜਾਬ ਨੂੰ।

◆◆◆

## ਸਤਵਿੰਦਰ ਬੇਗੋਵਾਲੀਆ ਦੀਆਂ ਪ੍ਰਕਾਸ਼ਿਤ ਨਾਟਕ ਪੁਸਤਕਾਂ

1. ਕਲਯੁਗ ਦੀ ਮੈਲ
2. ਜਬੈ ਬਾਣ ਲਾਗਿਯੋ (ਆਈ.ਸੀ. ਨੰਦਾ ਪੁਰਸਕਾਰ ਜੇਤੂ)
3. ਡਾਲਰ ਮੇਰਾ ਪੁੱਤਰ (ਪੂਰਾ ਨਾਟਕ)
4. ਜੇਠੂ ਦਾ ਕੋਠਾ
5. ਗ੍ਰਹਿਸਥ ਦਾ ਗੱਡਾ
6. ਮੈਂ ਪੰਜਾਬਣ ਹਾਂ

◆◆◆



# ਇਕਾਂਗੀ

## ਇਲੈਕਸ਼ਨ

**ਸਤਵਿੰਦਰ ਬੇਗੋਵਾਲੀਆਂ**



ਸਥਾਨ : ਧੰਨੇ ਦੇ ਘਰ ਦਾ ਵਿਹੜਾ। (ਧੰਨਾ ਸੁਫਨੇ ਵਿੱਚ ਆਪਣੀ ਪਤਨੀ ਜੀਤੋ ਨਾਲ ਗੱਲਾਂ ਕਰ ਰਿਹਾ ਹੈ)

ਜੀਤੋ : ਪਰੀਤੋ ਦੇ ਬਾਪੂ, ਕਿਵੇਂ ਰਿਹਾ?

ਧੰਨਾ : (ਡੂੰਘੀ ਉਦਾਸੀ ਵਿੱਚ) ਕੁੱਛ ਨਾ ਪੁੱਛ............

ਜੀਤੋ : (ਘਬਰਾਹਟ ਵਿੱਚ) ਦੁਸ਼ਮਣ ਜਿੱਤ ਗਏ?

ਧੰਨਾ : (ਡੂੰਘਾ ਸਾਹ ਲੈਂਦਾ ਹੋਇਆ) ਹੂੰ........

ਜੀਤੋ : ਕੀ ਬਨਿਐ ਲੋਕਾਂ ਨੂੰ

ਧੰਨਾ : ਸਾਰਿਆਂ ਦੀ ਅਕਲ ਦਾ ਦੀਵਾਲਾ ਨਿਕਲ ਗਿਐ। ਪੈਸੇ ਖਾ ਕੇ ਤੁੱਲ ਗਏ ਸਾਰੇ..........

(ਢੋਲ ਦੇ ਵੱਜਣ ਦੀ ਆਵਾਜ਼ ਸੁਣਾਈ ਦਿੰਦੀ ਹੈ। ਕਿਸੇ ਦੇ ਗਾਉਣ ਦੀ ਆਵਾਜ਼ ਦੇ ਨਾਲ ਨਾਲ ਸ਼ੋਰ ਸ਼ਰਾਬਾ ਵੀ ਸੁਣਾਈ ਦਿੰਦਾ ਹੈ।

ਇੱਕ ਆਵਾਜ਼ : ਬਾਰੀਂ ਬਰਸੀ ਖੱਟਣ ਨੂੰ ਘੱਲਿਆ
ਖੱਟ ਕੇ ਲਿਆਂਦਾ ਢੋਲ।

ਬਾਕੀ ਆਵਾਜ਼ਾਂ : ਬੱਲੇ।

ਇੱਕ ਆਵਾਜ਼ : ਵੋਟਾਂ ਪਈਆਂ ਤਾਂ ਧੰਨੇ ਦਾ
ਤਖਤ ਗਿਆ ਢੋਲ

ਬਾਕੀ ਆਵਾਜ਼ਾਂ : ਧੰਨੇ ਦਾ ਤਖ਼ਤ ਗਿਆ ਡੋਲ
ਦਿੱਤਾ ਪੈਰਾਂ ਵਿੱਚ ਰੋਲ।

ਇੱਕ ਆਵਾਜ਼ : ਜਿੱਤ ਗਿਆ ਬਈ ਜਿੱਤ ਗਿਆ।

ਬਾਕੀ ਆਵਾਜ਼ਾਂ : ਅਮਰ ਸਿੰਘ ਜਿੱਤ ਗਿਆ।

ਇੱਕ ਆਵਾਜ਼ : ਕਿੰਨੀ ਵੋਟ ਤੇ ਜਿੱਤ ਗਿਆ......

ਬਾਕੀ ਆਵਾਜ਼ਾਂ : ਵੀਹ ਹਜ਼ਾਰ ਤੇ ਜਿੱਤ ਗਿਆ.....
(ਧੰਨਾ ਹੋਰ ਵੀ ਪਰੇਸ਼ਾਨ ਹੋ ਜਾਂਦਾ ਹੈ)

ਧੰਨਾ : ਕੁੱਤਿਓ ਭੌਂਕੋ। ਕੁੱਤੇ ਭੌਂਕ ਈ ਸਕਦੇ ਨੇ। ਕਲ੍ਹ ਤੱਕ ਪੂਛ ਹਿਲੌਂਦੇ ਹਿਲੌਂਦੇ ਮੇਰੇ ਘਰ ਦੌੜੇ ਆਉਂਦੇ ਸੀ ਤੇ ਤੁਹਾਡੀ ਪੂਛ ਅਮਰ ਲੰਡੂ ਦੇ ਘਰ ਹਿੱਲ ਰਹੀ ਏ।

ਜੀਤੋ : ਭੌਂਕ ਭੂਕ ਕੇ ਆਪੇ ਚੁੱਪ ਹੋ ਜਾਣਗੇ ਚੁੱਲੇ 'ਚ ਪੈਣੇ।

(ਆਵਾਜ਼ਾਂ ਹੋਰ ਵੀ ਤੇਜ਼ ਹੋ ਜਾਂਦੀਆਂ ਹਨ)

ਇੱਕ ਆਵਾਜ਼ : ਧੰਨੇ ਦੀ ਧਨ ਧਨ ਹੋਈ

ਬਾਕੀ : ਉਹਦੀ ਜ਼ਮਾਨਤ ਜਬਤ ਹੋਈ।

ਇੱਕ ਆਵਾਜ਼ : ਧੰਨਾ ਪਿੰਡ ਛੱਡ ਜਾਵੇਗਾ

ਬਾਕੀ : ਛਪੜੀ' ਚ ਨੱਕ ਡੋਬ ਕੇ ਮਰ ਜਾਵੇਗਾ।

ਇੱਕ ਆਵਾਜ਼ : ਹੁਣ ਧੰਨੇ ਦਾ ਕੋਈ ਹੁਕਮ ਨਹੀਂ ਚਲਣਾ।

ਬਾਕੀ : ਧੰਨੇ ਦਾ ਹੁਣ ਸਿਵਾ ਈ ਬਲਣਾ।

(ਧੰਨਾ ਵਿਹੜੇ ਵਿੱਚ ਬੇਚੈਨੀ ਦੀ ਹਾਲਤ ਵਿੱਚ ਘੁੰਮਣਾ ਸ਼ੁਰੂ ਕਰ ਦਿੰਦਾ ਹੈ, ਉਸ ਦਾ ਚਿਹਰਾ ਲੋਹਾ ਲਾਖਾ ਹੋਇਆ ਪਿਆ ਹੈ)

ਧੰਨਾ : ਸਿਵਾ ਤੁਹਾਡਾ ਬਲੇ ਪਸ਼ੂ ਜਾਤ ਦਾ।

ਜੀਤੋ : ਚੱਲ ਘੜੀ ਰਮਾਣ ਕਰ ਲੈ

ਧੰਨਾ : ਇਹ ਕਰਨ ਦਿੰਦੇ ਨੇ ਮੈਨੂੰ ਰਮਾਣ? ਹਲਕੇ ਕੁੱਤੇ ਮੈਨੂੰ ਵੱਢਣਾ ਚਾਹੁੰਦੇ ਨੇ। ਮੈਂ ਵੇਖ ਈ ਲਵਾਂ ਇਹਨਾਂ ਨੂੰ ਇਹ ਕਿੰਨੇ ਕੁ ਪਾਣੀ 'ਚ ਨੇ....

(ਧੰਨਾ ਕਿਸੇ ਹਥਿਆਰ ਦੀ ਭਾਲ ਵਿੱਚ ਇਧਰ ਉਧਰ ਵੇਖਦਾ ਹੈ ਪਰ ਜੀਤੋ ਉਸਦੀ ਬਾਂਹ ਫੜ ਲੈਂਦੀ ਹੈ)

ਜੀਤੋ : ਕੀ ਕਰਨ ਲੱਗਾ ਏਂ?

ਧੰਨਾ : ਬਾਹਰ ਜਿਹੜੇ ਭੂਤਰੇ ਫਿਰਦੇ ਨੇ, ਇਹਨਾਂ ਨਾਲ ਕਰ ਈ ਲਵਾਂ ਦੋ ਹੱਥ। ਕਿਧਰ ਗਈ ਮੇਰੀ ਗੰਡਾਸੀ?

ਜੀਤੋ : ਮੂਰਖਾਂ ਨਾਲ ਮੂਰਖ ਤਾਂ ਨਹੀਂ ਬਣਿਆ ਜਾਂਦਾ।

ਧੰਨਾ : ਹੋਰ ਕੀ ਬਣਾਂ? ਸਿਆਣਪ ਦੀ ਬੋਲੀ ਸਮਝ ਨਹੀਂ ਪੈਂਦੀ ਇਹਨਾਂ ਜਾਂਗਲੀਆਂ ਨੂੰ।

ਜੀਤੋ : ਇਹਨਾਂ ਸਾਰਿਆਂ ਨੇ ਸ਼ਰਾਬ ਡੱਫੀ ਹੋਈ ਏ। ਤੂੰ ਚੁੱਪ ਕਰਕੇ ਅੰਦਰ ਪੈ ਜਾ, ਇਹਨਾਂ ਹੁਣੇ ਆਪਸ ਵਿੱਚ ਲੜਣ ਲੱਗ ਪੈਣਾ ਤੇ ਸਵੇਰੇ ਤੱਕ ਵੇਖੀਂ ਛੱਬੀਆਂ ਬਣੀਆਂ ਹੋਣਗੀਆਂ।

(ਢੋਲ ਦੀ ਆਵਾਜ਼ ਅਤੇ ਲੋਕਾਂ ਦਾ ਸ਼ੋਰ ਸ਼ਰਾਬਾ ਫਿਰ ਸੁਣਾਈ ਦਿੰਦਾ ਹੈ)

ਇੱਕ ਆਵਾਜ਼ : ਪਰਵਾਹ ਨਹੀਂ ਨਾਢੂ ਖਾਂ ਦੇ ਸਾਲੇ ਦੀ।

ਬਾਕੀ : ਪਰਵਾਹ ਨਹੀਂ। ਪਰਵਾਹ ਨਹੀਂ।

ਇੱਕ ਆਵਾਜ਼ : ਵਿਸਕੀ ਦੇ ਭਰ ਭਰ ਪੈੱਗ ਉਡਾਏ।

ਬਾਕੀ : ਪਰਵਾਹ ਨਹੀਂ। ਪਰਵਾਹ ਨਹੀਂ।



ਇੱਕ ਆਵਾਜ਼ : ਠੇਕੇ ਤੇ ਬੱਕਰੇ ਬੁਲਾਏ।

ਬਾਕੀ : ਪਰਵਾਹ ਨਹੀਂ। ਪਰਵਾਹ ਨਹੀਂ।

ਇੱਕ ਆਵਾਜ਼ : ਦੱਸੇ ਹਾਂ ਧੰਨਾ ਉੱਚੀ ਖੰਘ ਕੇ।

ਬਾਕੀ : ਪਰਵਾਹ ਨਹੀਂ, ਪਰਵਾਹ ਨਹੀਂ।

ਇੱਕ ਆਵਾਜ਼ : ਦੁੱਕੀ ਤਿੱਕੀ ਚੁੱਕ ਦਿਆਂਗੇ।

ਬਾਕੀ : ਚੁੱਕ ਦਿਆਂਗੇ, ਚੁੱਕ ਦਿਆਂਗੇ।

(ਧੰਨਾ ਗੁੱਸੇ ਨਾਲ ਪਾਗਲ ਜਿਹਾ ਹੋ ਜਾਂਦਾ ਹੈ)

ਧੰਨਾ : ਕੌਣ ਚੁੱਕ ਸਕਦੈ ਮੈਨੂੰ, ਮੈਂ ਕਿਸੇ ਤੋਂ ਨਹੀਂ ਡਰਦਾ। ਮੇਰੀ ਖਲੜੀ 'ਚ ਭੋਰਾ ਡਰ ਨਹੀਂ। ਜੇ ਡਰਨਾਂ ਵਾਂ ਤਾਂ ਇੱਕ ਨੀਲੀ ਛੱਤ ਵਾਲੇ ਤੋਂ। ਸਾਲੇ ਮੇਰੇ ਮੈਨੂੰ ਦੁੱਕੀ ਤਿੱਕੀ ਬੋਲਦੇ ਨੇ। ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕੁੱਤਿਓ! ਜ਼ਮੀਰ ਹੈ ਕੋਈ ਤੁਹਾਡੀ। ਤੁਸੀਂ ਵਿੱਕ ਗਏ ਹੋ, ਮੰਡੀ ਦਾ ਵਿਕਾਊ ਮਾਲ, ਸਭ ਸਾਲੇ ਕੱਟੇ ਵੱਛੀਆਂ।

(ਸ਼ਰਾਬੀਆਂ ਦੀਆਂ ਲਲਕਾਰੇ ਵਾਲੀਆਂ ਚੀਕਾਂ ਸੁਣਨ ਨੂੰ ਮਿਲਦੀਆਂ ਹਨ)

ਇਕ ਆਵਾਜ਼ : ਸਰਦਾਰ ਅਮਰ ਸਿੰਘ ਜਿੰਦਾਬਾਦ।

ਬਾਕੀ : ਜਿੰਦਾਬਾਦ, ਜਿੰਦਾਬਾਦ।

ਇੱਕ ਆਵਾਜ਼ : ਧੰਨਾ ਸਿੰਘ ਮੁਰਦਾਬਾਦ।

ਬਾਕੀ : ਮੁਰਦਾਬਾਦ, ਮੁਰਦਾਬਾਦ।

ਇੱਕ ਆਵਾਜ਼ : ਬੁੱਢਾ ਕੁੱਕੜ.....

ਬਾਕੀ : ਹਾਏ, ਹਾਏ।

(ਧੰਨਾ ਗੁੱਸੇ ਵਿੱਚ ਗੰਡਾਸੀ ਫੜ ਲੈਂਦਾ ਹੈ, ਜੀਤੋ ਰੋਕਣ ਦੀ ਕੋਸ਼ਿਸ਼ ਕਰਦੀ ਹੈ, ਪਰ ਉਸਨੂੰ ਧੱਕਾ ਦੇ ਕੇ ਅਗਾਂਹ ਵਧਦਾ ਹੈ। ਠੇਡਾ ਖਾ ਕੇ ਡਿੱਗ ਪੈਂਦਾ ਹੈ, ਫਿਰ ਉੱਠਦਾ ਹੈ)

ਧੰਨਾ : ਮੈਂ ਤੁਹਾਨੂੰ ਛੱਡਾਂਗਾ ਨਹੀਂ, ਬੰਦੇ ਦਾ ਪੁੱਤ ਨਾ ਬਣਾ ਕੇ ਛੱਡਿਆ ਤਾਂ ਮੈਨੂੰ ਵੀ ਲੰਬੜਦਾਰ ਬੰਤਾ ਸਿੰਘ ਦਾ ਪੁੱਤ ਨਾ ਆਖਿਓ। (ਹਿੱਕ ਥਾਪੜ ਕੇ) ਮੈਂ ਖ਼ਾਨਦਾਨੀ ਬੰਦਾ ਹਾਂ ਖ਼ਾਨਦਾਨੀ।ਜ

ਜੀਤੋ : ਕਿਹਦੇ ਨਾਲ ਗੱਲਾਂ ਕਰਦੇ ਪਏ ਹੋ?

(ਧੰਨੇ ਨੂੰ ਜਾਗ ਆ ਜਾਂਦੀ ਹੈ, ਉਹ ਹੈਰਾਨੀ ਨਾਲ ਜੀਤੋ ਵੱਲ ਵੇਖਦਾ ਹੈ, ਜਿਸ ਨੇ ਧੰਨੇ ਨੂੰ ਬਾਂਹ ਤੋਂ ਫੜਿਆ ਹੋਇਆ ਹੈ)

ਧੰਨਾ : ਤੂੰ ?

ਜੀਤੋ : ਬਾਹਰ ਕਿਧਰ ਚੱਲੇ ਸੀ?

ਧੰਨਾ : ਕਿਤੇ ਵੀ ਨਹੀਂ।

ਜੀਤੋ : ਬਿਸਤਰੇ ਤੋਂ ਉੱਠ ਕੇ ਬੁੜਾਉਂਦੇ ਬੁੜਾਉਂਦੇ ਬਾਹਰ ਤਾਂ ਚੱਲੇ ਸੀ....

ਧੰਨਾ : ਬੜਾ ਭੈੜਾ ਸੁਫ਼ਨਾ ਆਇਐ।

ਜੀਤੋ : ਕਿਹਦਾ।

ਧੰਨਾ : ਆਪਣਾ ਹੀ।

ਜੀਤੋ : ਕੀ ਵੇਖਿਆ ਸੁਫਨੇ 'ਚ?

ਧੰਨਾ : ਸੁਫਨੇ ਵਿੱਚ ਅਮਰ ਲੰਡੂ ਨੇ ਇਲੈਕਸ਼ਨ ਜਿੱਤ ਲਈ। ਉਹ ਲੋਕ ਢੋਲ ਵਜਾ ਰਹੇ ਸੀ, ਭੰਗੜੇ ਪਾ ਰਹੇ ਸੀ, ਉੱਚੀ ਉਚੀ ਢੋਲੇ ਗਾ ਰਹੇ ਸੀ... ਮੇਰੇ ਉਲਟ ਬੜਾ ਕੁਛ ਅਵਾ ਤਵਾ ਬਕਦੇ ਪਏ ਸੀ।

ਜੀਤੋ : ਦਿਨੇ ਵੀ ਸਰਪੰਚੀ ਦੀਆਂ ਗੱਲਾਂ ਤੇ ਰਾਤ ਵੀ। ਜਿਹੜੇ ਦਿਨ ਦਾ ਇਲੈਕਸ਼ਨ ਦਾ ਰੌਲਾ ਰੱਪਾ ਸ਼ੁਰੂ ਹੋਇਐ, ਸਾਨੂੰ ਨਾ ਦਿਨੇ ਟਿਕਾਈ ਤੇ ਨਾ ਰਾਤ ਨੂੰ। (ਝਕਦੀ ਝਕਦੀ) ਮੈਂ ਤਾਂ ਇੱਕ ਗੱਲ ਕਹਿਣੀ ਆਂ.....

ਧੰਨਾ : ਕਿਹੜੀ ਗੱਲ, ਬੋਲਦੇ ਬੋਲਦੇ ਰੁੱਕ ਕਿਉਂ ਗਈ?

ਜੀਤੋ : ਚਤੱਲ ਰਹਿਣ ਦੇ, ਤੁਸਾਂ ਕਿਹੜੀ ਮੰਨਣੀ ਏ।

ਧੰਨਾ : ਮੰਨਣ ਵਾਲੀ ਹੋਈ ਤਾਂ ਜ਼ਰੂਰ ਮੰਨਾਂਗਾ।

ਜੀਤੋ : ਮੈਂ ਕਹਿਣੀ ਆਂ ਜੇ ਪੂਰੇ ਤੀਹ ਸਾਲ ਸਰਪੰਚੀ ਕਰਕੇ ਰੱਜ ਨਾ ਹੋਇਆ ਤਾਂ ਹੁਣ ਬੁਢਾਪੇ ਵਿੱਚ ਕਰਕੇ ਕਿਹੜੇ ਲੱਡੂ ਖਾ ਲਓਗੇ?

ਧੰਨਾ : ਤੂੰ ਮੈਨੂੰ ਮੱਤਾਂ ਦੇ ਰਹੀ ਏਂ?

ਜੀਤੋ : ਮੈਂ ਤਾਂ ਦੋਵੇਂ ਹੱਥ ਜੋੜ ਤਰਲਾ ਮਾਰ ਰਹੀ ਆਂ ਸਰਪੰਚੀ ਨੂੰ ਮਾਰੋ ਗੋਲੀ ਤੇ ਪਿਛਲੀ ਉਮਰੇ ਘੜੀ ਰਮਾਣ ਵੀ ਕਰ ਲਓ। ਮੈਂ ਤੁਹਾਡੇ ਪੈਰੀਂ ਪੈਂਦੀ ਆਂ, ਤੁਸੀਂ ਆਹ ਗੱਲ ਜ਼ਰੂਰ ਮੰਨ ਲਓ।

ਧੰਨਾ : ਤੇਰਾ ਮਤਲਬ ਏ ਮੈਂ ਸੁੱਕੀ ਮਾਲੀ ਅਮਰੂ ਲੰਡੂ ਦੇ ਹੱਥ ਫੜਾ ਦਿਆਂ?

ਜੀਤੋ : ਤੇ ਹੋਰ ਕੀ? ਕਿਹੜੇ ਆਪਾਂ ਖਰੋਟ ਖਾ ਲਏ ਇਸ ਚੁੱਲ੍ਹੇ 'ਚ ਪੈਣੀ ਸਰਪੰਚੀ 'ਚੋਂ।

ਧੰਨਾ : ਹੂੰ, ਤੂੰ ਗੱਲ ਕਰਕੇ ਖੋਤਾ ਈ ਖੂਹ 'ਚ ਸੁੱਟ ਦਿੱਤੈ। ਪੂਰੇ ਇਲਾਕੇ ਵਿੱਚ ਮੇਰੀ ਬੱਲੇ ਬੱਲੇ ਵੇ ਤਾਂ ਸਰਪੰਚੀ ਕਰਕੇ। ਸਰਕਾਰੀ ਦਰਬਾਰੇ ਮੇਰੀ ਚਲਦੀ ਏ ਤਾਂ ਸਰਪੰਚੀ ਕਰਕੇ। ਦਫ਼ਤਰਾਂ ਦੇ ਬਾਊ ਕੁਰਸੀ ਛੱਡ ਕੇ ਖੜ੍ਹੇ ਹੋ ਜਾਂਦੇ ਨੇ ਮੇਰੇ ਸਾਹਮਣੇ। ਅਜੇ ਪਿਛਲੇ ਮਹੀਨੇ ਤੇਰੇ ਲੋਫ਼ਰ ਭਤੀਜੇ ਨੂੰ ਠਾਣੇ ਵਾਲਿਆਂ ਫੜ੍ਹਿਆ ਸੀ, ਅਗੇਲ



ਲੱਗੇ ਸੀ ਮੁਰਗਾ ਬਣੌਣ ਤੇ ਉਤੋਂ ਮੈਂ ਪਹੁੰਚ ਗਿਆ। ਘੜੀ 'ਚ ਉਹਦੀ ਖੁਲਾਸੀ ਹੋਈ ਸੀ ਤਾਂ ਮੇਰੀ ਸਰਪੰਚੀ ਕਰਕੇ ਹੀ।

ਜੀਤੋ : ਤੁਸੀਂ ਸਰਪੰਚੀ ਛੱਡ ਵੀ ਦਿਓ ਤਾਂ ਵੀ ਤੁਹਾਡੀ ਟੌਹਰ 'ਚ ਭੋਰਾ ਫ਼ਰਕ ਨਹੀਂ ਪੈਣਾ।

ਧੰਨਾ : ਮੂੰਹ ਨਹੀਂ ਚੰਗਾ ਤਾਂ ਗੱਲ ਈ ਚੰਗੀ ਕਰ ਛੱਡਿਆ ਕਰ।

ਜੀਤੋ : (ਇਤਰਾਜ਼ ਕਰਦੀ ਹੋਈ) ਮੇਰੇ ਮੂੰਹ ਦਾ ਹੁਣ ਖਿਆਲ ਆਇਐ ਬੁੱਢੇ ਵਾਰੇ। ਮੁੰਡੇ ਸਾਰੇ ਵਿਆਹੇ ਗਏ, ਇੱਕ ਵਿਆਹਣੋਂ ਰਹਿ ਗਿਆ ਮੇਰਾ ਬੀਰ ਤੇ ਛੋਟੀ ਪਰੀਤੋ। ਬੰਦਾ ਕੁੜਮਾਂ ਵਾਲਾ ਹੋ ਜੇ ਤਾਂ ਗੱਲ ਸੋਚ ਕੇ ਕਰਨੀ ਚਾਹੀਦੀ ਏ।

ਧੰਨਾ : ਚੱਲ ਬਹੁਤੀ ਬੱਕ ਬੱਕ ਨਾ ਕਰ।

ਜੀਤੋ : ਮੇਰੀ ਨੇਕਸਲਾਹ ਵੀ ਬੱਕ ਬੱਕ ਲੱਗੀ ਤੁਹਾਨੂੰ। ਸਿਆਣੇ ਕਹਿੰਦੇ ਨੇ ਉਹ ਬੰਦਾ ਈ ਕਾਅਦਾ ਜਿਹਨੇ ਵਕਤ ਨਾ ਵਿਚਾਰਿਆ।

ਧੰਨਾ : ਵਕਤ ਨੂੰ ਕਿਹੜਾ ਸੱਪ ਸੁੰਘ ਗਿਐ। ਮੈਂ ਕਈ ਲੜਾਈਆਂ ਲੜੀਆਂ, ਕਦੇ ਪਿੱਠ ਨਹੀਂ ਵਿਖਾਈ। ਅੱਜ ਤਾਈਂ ਮੈਂ ਹਰ ਲੜਾਈ ਫਤਿਹ ਕੀਤੀ ਏ ਡੰਕੇ ਦੀ ਚੋਟ ਤੇ। ਮੈਂ ਆਪਣੇ ਵਿਰੋਧੀਆਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਸਾਰੀ ਉਮਰ। ਜਿਹੜਾ ਅੜ੍ਹਿਆ ਉਹੀ ਝੜ੍ਹਿਆ।

ਜੀਤੋ : ਉਹ ਵਕਤ ਹੋਰ ਸੀ। ਲੰਘ ਗਏ ਚੰਗੇ ਜ਼ਮਾਨੇ ਜਦੋਂ ਬੰਦੇ ਦੀ ਗੱਲ ਦਾ ਮੁੱਲ ਪੈਂਦਾ ਸੀ। ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ।

ਧੰਨਾ : (ਸੱਚੀ ਗੱਲ ਸੁਣ ਕੇ ਦੁੱਖ ਮਹਿਸੂਸ ਕਰਦਾ ਹੋਇਆ) ਵਕਤ ਮੇਰਾ ਨਹੀਂ ਕਰ ਸਕਦਾ ਵਾਲ ਵੀ ਵਿੰਗਾ। ਮੈਂ ਜਿੱਥੇ ਖੜ੍ਹ ਜਾਵਾਂ, ਵਕਤ ਵੀ ਉਥੇ ਖੜ੍ਹ ਜਾਂਦੈ। ਮੇਰਾ ਜਿਧਰ ਜੀਅ ਕਰਦਾ, ਵਕਤ ਦੀਆਂ ਵਾਗਾਂ ਮੋੜਦਾ ਰਿਹਾਂ।

ਜੀਤੋ : ਮੈਨੂੰ ਤਾਂ ਪਹਿਲਾਂ ਈ ਤਬਾਰ ਨਹੀਂ ਸੀ ਕਿ ਮੇਰੀ ਗੱਲ ਮੰਨ ਲਓਗੇ। ਸਾਰੀ ਉਮਰ ਨਾ ਮੰਨੀ ਤਾਂ ਹੁਣ ਕਿਵੇਂ ਮੰਨ ਲਓਗੇ। ਬੰਦਾ ਤੇ ਜਨਾਨੀ ਇੱਕ ਦੂਜੇ ਦੀ ਮੰਨ ਕੇ ਨਾ ਚੱਲਣ ਦਾ ਖਤਾ ਈ ਖਾਣੀ ਪੈਂਦੀ ਏ।

ਧੰਨਾ : ਕਰਤੀ ਨਾ ਆਪਣੇ ਪਿਓ ਵਾਲੀ ਗੱਲ। ਤੂੰ ਮੇਰੇ ਨਾਲ ਵਿਆਹੀ ਨਾ ਗਈ ਹੁੰਦੀ ਤਾਂ ਤੈਨੂੰ ਕੌਣ ਸਰਪੰਚਣੀ ਕਹਿੰਦਾ?

ਜੀਤੋ : ਸਰਪੰਚਣੀ ਬਣ ਕੇ ਕਿਹੜਾ ਘੁੰਗਰੂ ਲੱਗ ਗਏ ਮੇਰੇ? ਲੋਕਾਂ ਦਾ ਮੇਲਾ ਲੱਗਾ ਰਹਿੰਦਾ ਰਿਹੈ ਘਰ 'ਚ। ਉਹਨਾਂ ਦੇ ਜੂਠੇ ਭਾਂਡੇ ਮਾਂਜ-ਮਾਂਜ ਉਮਰ ਕੱਢਤੀ। ਹੁਣ ਵਿਚਾਰੀ ਪਰੀਤੋ ਨੂੰ ਲਾਈ

ਏ ਸੇਵਾ ਐਰੇ ਗੈਰੇ ਦੀ ਜੂਠ ਮਾਂਜਣ ਦੀ। ਘਰ ਦੇ ਸਿੜੀ ਸਿਆਪੀ ਕਰਕੇ ਤਾਂ ਉਹ ਪੜ੍ਹ ਵੀ ਨਾ ਸਕੀ।

ਧੰਨਾ : ਜੇ ਮੇਰੇ ਘਰ ਵੱਡੇ ਵੱਡੇ ਚੌਧਰੀ ਆਉਂਦੇ ਰਹੇ ਤਾਂ ਟੌਹਰ ਤੇਰਾ ਈ ਬਣਦਾ ਸੀ। ਕਿਹੜੇ ਘਰ ਵਜੀਰ ਆਉਂਦੈ? ਵਜੀਰ ਨਾਲ ਫੋਟੋ ਅਖ਼ਬਾਰ 'ਚ ਲੱਗੀ ਸੀ ਮੇਰੀ ਤੇ ਤੇਰੀ, ਸਾਰੀ ਦੁਨੀਆਂ ਨੇ ਵੇਖੀ। ਘਰ ਘਰ ਗੱਲਾਂ ਹੋਈਆਂ ਤੇ ਤੂੰ ਫਿਰ ਵੀ ਖੁਸ਼ ਨਾ ਹੋਈ। ਅੰਨ੍ਹਾ ਕੀ ਜਾਣੇ ਬਸੰਤ ਦੀ ਬਹਾਰ। ਬਾਕੀ ਮੇਰੀ ਪਰੀਤੋ ਤਾਂ ਪੁੱਤਾਂ ਤੋਂ ਵੀ ਵੱਧ ਪਿਆਰੀ ਏ। ਉਹਦੇ ਲਈ ਮੈਂ ਕਨੇਡਾ ਦਾ ਮੁੰਡਾ ਢੂੰਡ ਲਿਐ, ਸਾਰੀ ਉਮਰ ਐਸ਼ ਕਰੇਗੀ।

ਜੀਤੋ : ਅੱਜ ਤਾਈਂ ਉਹਦੇ ਨਹੁੰਆਂ 'ਚੋਂ ਸਵਾਹ ਨਾ ਨਿਕਲੀ। ਵਿਆਹ ਹੋਣ ਪਿੱਛੋਂ ਕੀ ਹੋਊ ਕੌਣ ਜਾਣੇ?

(ਧੰਨਾ ਦੇ ਘੁਰਾੜੇ ਮਾਰਨ ਦੀ ਆਵਾਜ਼ ਆਉਂਦੀ ਹੈ)

ਸੌਂ ਗਿਐਂ? ਇਹ ਵੀ ਚੰਗਾ ਹੋਇਆ ਜਿਹੜੀ ਅੱਖ ਲੱਗ ਗਈ ਇਹਦੀ, ਘੜੀ ਟਿਕ ਜਾਏਗਾ ਹੁਣ।

(ਜੀਤੋ ਉੱਠ ਕੇ ਅੰਦਰ ਚਲੀ ਜਾਂਦੀ ਹੈ, ਧੰਨੇ ਦਾ ਸੁਫ਼ਨਾ ਫਿਰ ਸ਼ੁਰੂ ਹੋ ਜਾਂਦਾ ਹੈ। ਸੁਫ਼ਨੇ ਵਿੱਚ ਉਹਦੇ ਵਿਰੋਧੀਆਂ ਦੀਆਂ ਆਵਾਜ਼ਾਂ ਫਿਰ ਸੁਨਣ ਨੂੰ ਮਿਲਦੀਆਂ ਹਨ)

ਇੱਕ ਆਵਾਜ਼ : ਦੇਰ ਸੀ ਪਰ ਨਹੀਂ ਸੀ ਅੰਧੇਰ

ਬਾਕੀ : ਗਿੱਦੜ ਗਿਆ ਤੇ ਆਇਆ ਸ਼ੇਰ।

ਇੱਕ ਆਵਾਜ਼ : ਰੱਬ ਦੀ ਹੁਣ ਹੋਈ ਮੇਹਰ

ਬਾਕੀ : ਗਿੱਦੜ ਗਿਆ ਤੇ ਆਇਆ ਸ਼ੇਰ।

ਇੱਕ ਆਵਾਜ਼ : ਅਮਰੀਕਾ ਤੋਂ ਡਾਲਰ ਆਏ

ਬਾਕੀ : ਪਰਵਾਹ ਨਹੀਂ, ਪਰਵਾਹ ਨਹੀਂ।

ਇੱਕ ਆਵਾਜ਼ : ਦਾਰੂ ਦੇ ਗੱਫੇ ਲਵਾਏ

ਬਾਕੀ : ਪਰਵਾਹ ਨਹੀਂ, ਪਰਵਾਹ ਨਹੀਂ।

ਇੱਕ ਆਵਾਜ਼ : ਧੰਨਾ ਸਿੰਘ ਦਾਲ ਖਾਏ

ਬਾਕੀ : ਅਮਰ ਸਿੰਘ ਮੱਛੀ ਖਵਾਏ।

ਇੱਕ ਆਵਾਜ਼ : ਧੰਨਾ ਸਿੰਘ ਭੁੱਖ ਵਿਖਾਏ

ਬਾਕੀ : ਅਮਰ ਸਿੰਘ ਬੱਕਰੇ ਝਟਕਾਏ।

(ਧੰਨਾ ਸਿੰਘ ਪਸੀਨੋ ਪਸੀਨੀ ਹੋਇਆ ਮੰਜੇ ਤੋਂ ਉਠਦਾ ਹੈ)

ਧੰਨਾ : ਭੁੱਖਾ ਮੈਂ ਨਹੀਂ, ਭੁੱਖ ਨੰਗ ਦੇ ਫੁੱਫੜ ਤੁਸੀਂ ਹੋ ਤੁਸੀਂ। ਮੈਂ ਤੀਹ ਸਾਲ ਸਰਪੰਚੀ ਕੀਤੀ ਏ ਪੂਰੇ ਤੀਹ ਸਾਲ ਕੁੱਟ ਕੇ।



# ਕਹਾਣੀ/ਮਿੰਨੀ ਕਹਾਣੀਆਂ

## ਸੂਰਜ ਮਰਦਾ ਨਹੀਂ

**ਸੁਰਜੀਤ ਦੇਵਲ**

ਭਾਵੇਂ ਮੋਘਾ ਸਿੰਘ ਆਪਣੇ ਡੀਪੂ ਤੇ ਆਇਆਂ ਲੋਕਾਂ ਦਾ ਰਾਸ਼ਨ ਛਕ ਜਾਣ ਕਾਰਨ ਜੇਲ੍ਹ ਯਾਤਰਾ ਕਰ ਆਇਆ ਸੀ ਪਰ ਮੌਜੂਦਾ ਵਜ਼ੀਰੇ ਆਜ਼ਮ ਤੱਕ ਵੀ ਉਸ ਨੇ ਖੁਸ਼ਾਮਦ 'ਤੇ ਸਿਆਸੀ ਬੁਲਾਰਾ ਹੋਣ ਕਰਕੇ ਮਜ਼ਬੂਤ ਪਕੜ ਬਣਾ ਲਈ ਸੀ।

ਐਤਕੀਂ ਜਦ ਵਜ਼ੀਰੇ ਆਜ਼ਮ ਉਨ੍ਹਾਂ ਦੇ ਪਿੰਡ ਸੰਗਤ ਦਰਸ਼ਨਾਂ ਨੂੰ ਤਸ਼ਰੀਫ ਲਿਆਏ, ਤਾਂ ਸਕੂਲ ਦੇ ਨਵੇਂ ਕਮਰਿਆਂ ਦੀ ਉਸਾਰੀ ਲਈ ਚੋਖੀ ਗਰਾਂਟ ਦੇ ਗਏ। ਸਕੂਲ ਦੇ ਮੁੱਖ ਅਧਿਆਪਕ ਨੇ ਪਾਰਦਰਸ਼ੀ ਕੰਮ ਚਲਾਉਣ ਲਈ ਪਿੰਡ ਦੇ ਪਤਵੰਤੇ, ਦਾਨਿਸ਼ਮੰਦ ਤੇ ਮੋਹਤਬਰ ਸੱਜਣਾਂ ਦੀ ਸਰਬ ਸੰਮਤੀ ਨਾਲ ਇੱਕ ਕਮੇਟੀ ਸਥਾਪਤ ਕੀਤੀ ਜਿਸ ਵਿੱਚ ਮੋਘਾ ਸਿੰਘ ਵੀ ਮੈਂਬਰ ਲੈ ਲਿਆ ਗਿਆ।

ਸਥਾਪਤ ਕਮੇਟੀ ਦੀ ਨਿਗਰਾਨੀ ਹੇਠ ਹੁਣ ਇਮਾਰਤ ਦੀ ਉਸਾਰੀ ਦਾ ਕੰਮ ਠੀਕ ਤੱਸਲੀ ਬਖਸ਼ ਚੱਲ ਰਿਹਾ ਸੀ। ਕਿ ਇੱਕ ਦਿਨ ਸਵੇਰੇ ਹੀ ਕਮੇਟੀ ਮੈਬਰਾਂ ਦੇ ਆਉਣ ਤੋਂ ਪਹਿਲਾਂ ਮੋਘਾ ਸਿੰਘ ਘਰੋਂ ਰੇਹੜੇ ਤੇ ਜੰਮੇ ਸੀਮਿੰਟ ਦੀਆਂ ਬੋਰੀਆਂ ਲਦਾ ਕੇ ਸਕੂਲ ਲੈਂ ਆਇਆ ਤੇ ਮਜ਼ਦੂਰਾਂ ਤੋਂ ਲੁਹਾ ਕੇ ਰੇਹੜਾ ਤੋਰ ਦਿੱਤਾ।

ਥੋੜੇ ਚਿਰ ਮਗਰੋਂ ਮੁੱਖ ਅਧਿਆਪਕ ਵੀ ਪੁੱਜ ਗਏ। ਜਦ ਉਨ੍ਹਾਂ ਦਾ ਧਿਆਨ ਜੰਮੇ ਸੀਮਿੰਟ ਦੀਆਂ ਬੋਰੀਆਂ ਵੱਲ ਗਿਆ ਤਾਂ ਉਨ੍ਹਾਂ ਝੱਟ ਮਜ਼ਦੂਰਾਂ ਨੂੰ ਪੁੱਛਿਆ–

"ਉਹ ਆਹ ਕਿੱਥੋ ਚੁੱਕ ਲਿਆਏ ਜੰਮੇ ਸੀਮਿੰਟ ਦੀਆਂ ਬੋਰੀਆਂ?"

"ਮਾਸਟਰ ਜੀ, ਇਹ ਆਪਣੇ ਘਰ ਪਿਆ ਸੀ ਚਿਰ ਦਾ। ਮੈਂ ਕਿਹਾ ਏਥੇ ਤਾਂ ਹੁਣ ਵਿੱਚੇ ਲੱਗਜੂ... ਵੇਖਿਓ, ਹੁਣ ਕੋਈ ਪੰਗਾ ਨਾ ਖੜਾ ਕਰ ਦਿਓ। ਥੋਨੂੰ ਪਾਰਟੀ ਪੂਰਟੀ ਕਰ ਦਿਆਂਗੇ।"

"ਮਿਸਤਰੀ ਜੀ, ਇਹ ਬੋਰੀਆਂ ਨਾ ਖੋਲਿਓ! ਨਵਾਂ ਸੀਮਿੰਟ ਵਰਤੋ ਪਹਿਲਾਂ ਵਾਲਾ।"

ਮੋਘਾ ਸਿੰਘ ਨੂੰ ਜਵਾਬ ਦੇ ਕੇ ਉਨ੍ਹਾਂ ਮਿਸਤਰੀ ਨੂੰ ਤਾਕੀਦ ਕੀਤੀ। ਮੁੱਖ ਅਧਿਆਪਕ ਨੂੰ ਬਾਹੋਂ ਫੜਕੇ ਪਾਸੇ ਲਿਜਾ ਕੇ ਮੋਘਾ ਸਿੰਘ ਮੁਖਾਤਿਬ ਹੋਇਆ–

"ਮਾਸਟਰ ਜੀ, ਜੇ ਇਹਦੇ 'ਚ ਮੇਰਾ ਮਾੜਾ ਮੋਟਾ ਫ਼ਾਇਦਾ ਹੁੰਦੈ ਤਾਂ ਥੋਨੂੰ ਕੀ ਦੁੱਖ? ਇਹ ਕਿਹੜੇ ਥੋਡੇ ਪਲਿਓਂ ਖਰਚ ਹੋ ਰਹੇ ਨੇ। ਸਰਕਾਰ ਨੇ ਗਰਾਂਟ ਦਿੱਤੀ ਐ। ਨਾ ਏਸ ਸਕੂਲ 'ਚ ਮੇਰੇ ਬੱਚੇ ਪੜ੍ਹਦੇ ਨੇ, ਨਾ ਤੇਰੇ। ਤੁਸੀਂ ਕਿਹੜਾ ਏਸ ਇਮਾਰਤ ਦਾ ਠੇਕਾ ਲਿਆ ਹੋਇਐ?"

"ਸਰਦਾਰ ਜੀ, ਜਿਹੜੇ ਬੱਚੇ ਏਸ ਸਕੂਲ 'ਚ ਪੜ੍ਹਨ ਆਉਂਦੇ ਨੇ, ਉਹ ਤਾਂ ਸਾਨੂੰ

ਆਪਣਿਆਂ ਤੋਂ ਵੀ ਵੱਧ ਕੇ ਪਿਆਰੇ ਨੇ। ਪੜ੍ਹਨ ਲਈ ਆਉਂਦੇ ਬੱਚੇ ਤਾਂ ਸਾਡੇ ਲਈ ਰੱਬ ਨੇ ਰੱਬ, ਸਾਡੇ ਦੇਸ਼ ਦਾ ਰੌਸ਼ਨ ਭਵਿੱਖ। ਸਾਨੂੰ ਰੁਜ਼ਗਾਰ ਤੇ ਸਤਿਕਾਰ ਇਹੋ ਬੱਚੇ ਹੀ ਤਾਂ ਦਿਵਾ ਰਹੇ ਨੇ। ਸਾਡੀ ਜ਼ਿੰਦਗੀ ਦੀ ਮੁਸਕਾਨ ਨੇ। ਮਾਫ਼ ਕਰਨਾ, ਏਹ ਸੀਮਿੰਟ ਏਥੇ ਨਹੀਂ ਲੱਗਣਾ।"

"ਇਸਦਾ ਮਤਲਬ ਤੁਸੀਂ ਆਪਣੀ ਹਿੰਡ ਨਹੀਂ ਛੱਡਣੀ। ਚੱਲ ਠੀਕ ਐ ਫੇਰ"

ਐਨਾ ਕਹਿਕੇ ਗੁੱਸੇ ਵਿੱਚ ਮੋਘਾ ਸਿੰਘ ਘਰ ਨੂੰ ਪਰਤ ਗਿਆ ਤੇ ਮੁੰਡੇ ਨੂੰ ਭੇਜ ਕੇ ਰੇਹੜੇ ਤੇ ਆਪਣਾ ਸੀਮਿੰਟ ਸਕੂਲੋਂ ਵਾਪਸ ਮੰਗਵਾ ਲਿਆ।

ਖੁੰਦਕ ਦੇ ਮਾਰੇ ਮੋਘਾ ਸਿੰਘ ਨੇ ਮੁੱਖ ਅਧਿਆਪਕ ਦੀ ਬਦਲੀ ਕਰਵਾ ਦਿੱਤੀ। ਸਥਾਪਤ ਕਮੇਟੀ ਕੋਲ ਗੱਲ ਪੁੱਜੀ ਉਨ੍ਹਾਂ ਸਕੂਲ ਨੂੰ ਜੰਦਰਾ ਜੜ੍ਹ ਦਿੱਤਾ। ਪਿੰਡ ਦੀ ਨੌਜਵਾਨ ਸਭਾ ਨੇ ਇਕੱਠਿਆਂ ਹੋ ਕੇ ਪਿੰਡ ਦੀਆਂ ਗਲੀਆਂ ਵਿੱਚ ਇਹ ਨਾਅਰੇ ਮਾਰਦਿਆਂ, "ਗਲੀ ਗਲੀ 'ਚੋਂ ਆਈ ਆਵਾਜ਼, ਮੋਘਾ ਸਿੰਘ ਮੁਰਦਾਬਾਦ" ਮੋਘਾ ਸਿੰਘ ਦਾ ਜਲੂਸ ਕੱਢ ਦਿੱਤਾ।

ਪੜਤਾਲ ਉਪਰੰਤ ਪਰਦਾਫਾਸ਼ ਹੋਣ ਤੇ ਝੂਠ ਦੇ ਬੱਦਲ ਛੱਟ ਗਏ। ਮੁੱਖ ਅਧਿਆਪਕ ਦੀ ਬਦਲੀ ਰੱਦ ਹੋਈ ਤੇ ਸਕੂਲ ਵਿੱਚ ਰੌਣਕਾਂ ਪਰਤ ਆਈਆਂ।

◆◆◆

## ਕੁੱਤਾ

**ਭੀਮ ਸਿੰਘ ਗਰਚਾ**

" ਵੇ ਭਾਈ," ਸੁਰਜੀਤ ਕੌਰ ਆਪਣੇ ਘਰ ਦੇ ਦਰਵਾਜ਼ੇ ਅੱਗੋਂ ਦੀ ਕਾਹਲੀ ਵਿੱਚੀ ਲੰਘ ਰਹੇ 'ਸਟੋਵ' ਠੀਕ ਕਰਨ ਵਾਲੇ ਕਾਰੀਗਰ ਨੂੰ ਆਵਾਜ਼ ਮਾਰ ਕੇ ਰੋਕਦੀ ਹੋਈ ਬੋਲੀ –"ਸਾਡੇ ਚੁੱਲੇ-ਚੌਂਕੇ ਦੇ ਬਾਹਰਲੇ ਪਾਸੇ ਆਹ ਸਟੋਵ ਪਿਐ। ਇਹ ਚੱਲਦਾ ਚੱਲਦਾ ਹੀ ਰੁੱਕ ਜਾਂਦੈ। ਵੇਖੀਂ ਇਸ ਵਿੱਚ ਕੀ ਨੁਕਸ ਐ?

ਭਾਈ ਨੇ ਘਰ ਦੇ ਦਰਵਾਜ਼ੇ ਅੱਗੇ ਆ ਕੇ ਅੰਦਰ ਨੂੰ ਝਾਤੀ ਮਾਰੀ। ਵਿਹੜੇ ' ਚ ਲਿਸ਼ਕਦੀਆਂ ਅੱਖਾਂ ਅਤੇ ਖੜ੍ਹੇ ਕੰਨਾਂ ਵਾਲਾ ਇੱਕ ਸਿਹਤਮੰਦ ਕੁੱਤਾ ਵੇਖ ਕੇ ਉਹ ਇੱਕ ਦਮ ਉੱਚੀ ਆਵਾਜ਼ 'ਚ ਬੋਲਿਆ – ਬੀਬੀ ਆਹ ਕੁੱਤੇ ਨੂੰ ਤਾਂ ਬੰਨ੍ਹ ਲਵੋ।

"ਵੇ ਭਾਈ, ਤੂੰ ਡਰ ਨਾ," ਸੁਰਜੀਤ ਕੌਰ ਬਨ੍ਹੇਰੇ ਤੇ ਖੜ੍ਹ ਕੇ ਭਾਈ ਵੱਲ ਨੂੰ ਵੇਖਦੀ ਹੋਈ ਝੱਟ ਬੋਲੀ – ਇਹ ਤਾਂ ਬਹੁਤ ਹੀ ਵਧੀਆ ਨਸਲ ਦਾ ਕੁੱਤਾ ਐ। ਇਹ ਏਨਾ ਮੂਰਖ ਨਹੀਂ ਕਿ ਦਿਨੇ ਹੀ ਕਿਸੇ ਨੂੰ ਵੱਢ ਸੁੱਟੂ । ਇਹ ਤਾਂ ਬਹੁਤ ਹੀ ਸਿਆਣਾ ਤੇ ਸਮਝਦਾਰ ਐ। ਤੂੰ ਨਿਧੱੜਕ ਹੋ ਕੇ ਅੰਦਰ ਲੰਘ ਆ।"

ਭਾਈ ਨੇ ਅਜੇ ਤੱਕ ਬੌਹਣੀ ਵੀ ਨਹੀਂ ਕੀਤੀ ਸੀ। ਉਹ ਹੌਸਲਾ ਕਰਕੇ ਅੰਦਰ ਲੰਘ ਗਿਆ। ਜਦੋਂ ਉਹ ਕੁੱਤੇ ਦੇ ਬਰਾਬਰ ਹੋ ਕੇ ਲੰਘਣ ਲੱਗਾ ਤਾਂ ਕੁੱਤੇ ਨੇ ਪੂਰੀ ਤਾਕਤ ਨਾਲ ਹਮਲਾ ਕਰਕੇ ਪਲਾਂ 'ਚ ਹੀ ਉਸ ਨੂੰ ਲਹੂ-ਲੁਹਾਣ ਕਰ ਦਿੱਤਾ ।



ਭਾਈ ਦੀਆਂ ਦਰਦ ਨਾਲ ਚੀਕਾਂ ਸੁਣ ਕੇ ਸੁਰਜੀਤ ਕੌਰ ਇੱਕ ਦਮ ਛੱਤ ਤੋਂ ਹੇਠਾਂ ਉਤਰ ਆਈ। ਭਾਈ ਉਸ ਨੂੰ ਵੇਖਣ ਸਾਰ ਹੀ ਦਰਦ ਨਾਲ ਕਰਾਹੁੰਦਾ ਹੋਇਆ ਬੋਲਿਆ– "ਬੀਬੀ ਤੂੰ ਤਾਂ ਕਹਿੰਦੀ ਸੀ ਕਿ ਇਹ ਤਾਂ ਬਹੁਤ ਹੀ ਸਿਆਣਾ ਤੇ ਸਮਝਦਾਰ.......।"

ਸੁਰਜੀਤ ਕੌਰ ਨੇ ਕੁੱਤੇ ਨੂੰ ਘੂਰ ਕੇ ਉੱਥੋਂ ਭਜਾ ਦਿੱਤਾ ਤੇ ਫਿਰ ਉਹ ਭਾਈ ਦੇ ਨੇੜੇ ਹੋ ਕੇ ਠੰਡੀ ਜਿਹੀ ਆਵਾਜ਼, ਚ ਬੋਲੀ– "ਕੁੱਤਾ ਤਾਂ ਭਾਈ, ਕੁੱਤਾ ਹੀ ਹੁੰਦੈ।"

◆◆◆

## ਆਪੋ ਅਪਣੀ ਦੁਨੀਆਂ

**ਨਗੀਨਾ ਸਿੰਘ ਬਲੱਗਣ**

ਸੋਨੂੰ ਸਕੂਲ ਦੇਰ ਨਾਲ ਗਿਆ। ਮਾਸਟਰ ਨੇ ਪੁੱਛਿਆ, "ਉਇ ਸੋਨੂੰ ਦਿਆ ਪੁੱਤਰਾ ਅੱਜ ਫਿਰ ਦੇਰ ਨਾਲ ਆਇਐਂ"? "ਮਾਸਟਰ ਜੀ ਮੈਂ ਸੋਨੂੰ ਦਾ ਪੁੱਤਰ ਨਹੀਂ ਰਾਕੇਸ਼ ਦਾ ਪੁੱਤਰ ਹਾਂ।" ਮਾਸਟਰ ਕਹਿਣ ਲੱਗਾ "ਹਾਂ ਹਾਂ ਹੁਣ ਤੈਨੂੰ ਬਹੁਤ ਅਕਲ ਆ ਗਈ ਹੈ। ਸੋਨੂੰ ਨੇ ਕਿਹਾ "ਮਾਸਟਰ ਜੀ ਮੈਂ ਪੰਜਵੀਂ ਕਲਾਸ ਵਿੱਚ ਪੜ੍ਹਦਾ ਹਾਂ, ਮੇਰੇ ਦਾਦਾ ਜੀ ਕਹਿੰਦੇ ਹਨ ਚਾਰ ਜਮਾਤਾਂ ਪੜ੍ਹ ਲਓ, ਬੰਦੇ ਨੂੰ ਅਕਲ ਆ ਜਾਂਦੀ ਹੈ।" "ਪਰ ਇਹ ਦਸ ਤੂੰ ਸਕੂਲੇ ਦੇਰ ਨਾਲ ਕਿਉਂ ਆਇਐਂ?" ਸੋਨੂੰ– "ਮਾਸਟਰ ਜੀ ਇਹ ਘਰ ਦਾ ਮਾਮਲਾ ਤੁਸੀਂ ਪੁੱਛ ਲਿਆ ਹੁਣ ਤਾਂ ਦੱਸਣਾ ਹੀ ਪੈਣਾ।" ਅੱਜ ਸਵੇਰੇ ਮੰਮੀ ਡੈਡੀ ਦੀ ਬਹੁਤ ਲੜਾਈ ਹੋਈ। ਅੱਜ ਮੰਮੀ ਹਾਵੀ ਹੋ ਗਈ। ਡੈਡੀ ਨੂੰ ਛਿੱਤਰ ਤੇ ਠਾਹ ਛਿੱਤਰ ਪੈਣ ਲਗ ਪਏ। ਮੈਂ ਪੜਿਆ ਲਿਖਿਆ ਹਾਂ, ਛਿੱਤਰਾਂ ਦੀ ਗਿਣਤੀ ਕੀਤੀ। ਅੱਜ ਸੁਖ ਨਾਲ 20 ਛਿੱਤਰ ਵਜੇ। ਡੈਡੀ ਜੀ ਛਿੱਤਰ ਖਾ ਕੇ ਕੰਮ ਤੇ ਚਲੇ ਗਏ। ਨਾ ਰੋਟੀ ਉਹਨਾਂ ਨੂੰ ਮਿਲੀ ਨਾ ਮੈਨੂੰ। ਜੇ ਤੁਸੀਂ ਮੈਨੂੰ ਅੱਧੀ ਰੋਟੀ ਦੇ ਦਿਓ, ਭੁੱਖ ਲਗੀ ਹੈ।" ਮਾਸਟਰ ਨੇ ਪੁਛਿਆਂ, "ਸੋਨੂੰ ਹੋਰ ਘਰ ਵਿੱਚ ਕੌਣ ਏ?" ਸੋਨੂੰ ਨੇ ਕਿਹਾ "ਮੁਰਗਾ, ਮੁਰਗੀ ਅਤੇ ਚੂਹਾ। ਮਾਸਟਰ ਜੀ ਉਹ ਤਿੰਨੋ ਬੜੇ ਪਿਆਰ ਨਾਲ ਰਹਿੰਦੇ ਨੇ ਪਰ ਮੇਰੀ ਮੰਮੀ ਅਤੇ ਡੈਡੀ ਰਾਤ ਦਿਨ ਲੜਦੇ ਰਹਿੰਦੇ ਨੇ। ਇੱਕ ਵਾਰ ਫਿਲਮ ਲਗੀ ਸੀ ਗਾਣਾ ਆ ਰਿਹਾ ਸੀ "ਮੁਰਗਾ ਮੁਰਗੀ ਪਿਆਰ ਸੇ ਦੇਖੇ-ਨੰਨਾ ਚੂਚਾ ਖੇਲ ਕਰੇ। ਪਰ ਮੇਰੀ ਡੈਡੀ ਦੀ ਸਿਹਤ ਤੇ ਕੋਈ ਅਸਰ ਨਹੀਂ" ਇਕ ਦਿਨ ਚੂਚਾ ਪੁੱਛਦਾ ਹੈ– ਸੋਨੂੰ ਤੇਰਾ ਨਾਂ ਸੋਹਣਾ ਮਾਪਿਆਂ ਨੇ ਰੱਖਿਆ ਹੈ ਪਰ ਸਾਡੇ ਨਾਂ ਮਾਪੇ ਨਹੀਂ ਰੱਖਦੇ। ਮੇਰੇ ਮਾਂ ਨੇ ਕਿਹਾ ਕਿ ਮਰਨ ਤੋਂ ਬਾਅਦ ਸਾਡੇ ਨਾਮ ਲੋਕ ਰੱਖਦੇ ਨੇ– "ਚੀਜ ਚਿਕਨ, ਚਿਲੀ ਚਿਕਨ, ਤੰਦੂਰੀ ਚਿਕਨ, ਮਲਾਈ ਚਿਕਨ ਅਤੇ ਪੰਜਾਬੀ ਵਿੱਚ ਆ ਕੁੱਕੜ ਦਿਆ ਪੁੱਤਰਾ।"

◆◆◆

## ਵੋਟਾਂ

**ਨਾਇਬ ਸਿੰਘ ਸੈਂਪਲੇ**

ਸ਼ਹਿਰ ਵਿੱਚ ਦੋ ਘਰਾਂ ਦੀ ਆਪਸੀ ਲੜਾਈ ਵਿੱਚ ਕਾਫ਼ੀ ਖ਼ੂਨ-ਖ਼ਰਾਬਾ ਹੋ ਗਿਆ ਸੀ। ਗੱਲ ਥਾਣੇ ਤੱਕ ਪਹੁੰਚ ਗਈ ਸੀ। ਥਾਣੇ ਵਾਲਿਆਂ ਨੇ ਦੋਹਾਂ ਧਿਰਾਂ ਦੇ ਬੰਦਿਆਂ ਨੂੰ ਅੰਦਰ ਕਰ ਦਿੱਤਾ ਸੀ। ਹੁਣ ਲੱਗੀਆਂ ਵੱਡੇ-ਵੱਡੇ ਨੇਤਾਵਾਂ ਦੀਆਂ ਸਿਫ਼ਾਰਸ਼ਾਂ ਆਣ ਤੇ ਸਾਰੇ ਹੀ ਕਮਜ਼ੋਰ ਧਿਰ ਨੂੰ ਹੀ ਦਬਾਉਣ ਦੀ ਕੋਸ਼ਿਸ਼ ਕਰਨ।

ਪੈਸੇ ਵਾਲੀ ਧਿਰ ਨਾਲ ਤਾਂ ਸਹਿਰ ਦੇ ਮੋਹਤਬਰ ਬੰਦੇ ਸਨ ਜੋ ਇਹ ਕਹਿਣ 'ਘਬਰਾਇਓ ਨਾ ਅਸੀਂ ਤੁਹਾਡੇ ਨਾਲ ਹਾਂ, ਤੁਹਾਡੇ 'ਤੇ ਆਂਚ ਨਹੀਂ ਆਣ ਦੇਵਾਂਗੇ।" ਪਰ ਕਮਜ਼ੋਰ ਧਿਰ ਦਾ ਕਿਸੇ ਨੇ ਵੀ ਸਾਥ ਨਾ ਦਿੱਤਾ, ਸਗੋਂ ਨੇਤਾਵਾਂ ਵੱਲੋਂ ਧਮਕੀਆਂਹੀ ਆ ਰਹੀਆਂ ਸਨ, ਕਿ "ਫੈਸਲਾ ਕਰ ਲਵੋ ਨਹੀਂ ਤਾਂ ਬਹੁਤ ਪਛਤਾਣਾ ਪੈ ਸਕਦਾ ਹੈ।"

ਦੋਨੋਂ ਹੀ ਧਿਰਾਂ ਕਈ ਦਿਨ ਤੱਕ ਥਾਣੇ ਵਿੱਚ ਡੱਕੀਆਂ ਰਹੀਆਂ, ਪਰ ਕੋਈ ਫ਼ੈਸਲਾ ਨਾ ਹੋਇਆ। ਅਖ਼ੀਰ ਇਕ ਦਿਨ ਇਕ ਨੇਤਾ ਆਇਆ ਤੇ ਕਮਜ਼ੋਰ ਧਿਰ ਦੇ ਆਗੂ ਨੂੰ ਬੁਲਾ ਕੇ ਕਹਿਣ ਲੱਗਿਆ, "ਤੁਹਾਡੇ ਕੋਲ ਖਾਣ ਨੂੰ ਤਾਂ ਦਾਣੇ ਨਹੀਂ ਤੁਸੀਂ ਕੇਸ ਕਿਆ ਲੜਨਾ ਹੈ, ਇਸ ਲਈ ਚੁੱਪ ਕਰਕੇ ਫ਼ੈਸਲਾ ਕਰ ਲਵੋ।" "ਨਹੀਂ... ਨੇਤਾ ਜੀ ਸਾਡੇ ਕੋਲ ਬਹੁਤ ਕੁਝ ਹੈ।" "ਕਿਆ ਹੈ ਤੁਹਾਡੇ ਕੋਲ, ਨੰਗ ਕਿਸੇ ਥਾਂ ਦੇ?" "ਓ...ਨੇਤਾ ਜੀ ਸਾਡੇ ਕੋਲ ਉਹਨਾਂ ਨਾਲੋਂ ਵੱਧ ਵੋਟਾਂ ਨੇ, ਸਾਨੂੰ ਐਵੇਂ ਨਾ ਸਮਝਣਾ।" ਕਮਜ਼ੋਰ ਧਿਰ ਦੇ ਆਗੂ ਨੇ ਨੇਤਾ ਜੀ ਨੂੰ ਕਿਹਾ। ਹੁਣ ਨੇਤਾ ਜੀ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ ਸਨ ਤੇ ਉਸ ਨੂੰ ਕੋਈ ਜਵਾਬ ਨਹੀਂ ਆਇਆ ਸੀ।

◆◆◆

## ਕਦਰਦਾਨ

**ਪ੍ਰੀਤ ਨੀਤਪੁਰ**

ਮੈਂ ਦਫ਼ਤਰ ਵਿੱਚ ਦਾਖਲ ਹੁੰਦਾ ਹਾਂ। ਵੇਖਿਆ, ਪ੍ਰਿੰਸੀਪਲ ਸਾਹਿਬ ਫ਼ੋਨ ਤੇ ਕਿਸੇ ਨਾਲ ਗੱਲ ਕਰ ਰਹੇ ਸੀ। ਉਹਨਾਂ ਦਾ ਇਸ਼ਾਰਾ ਪਾ ਕੇ ਮੈਂ ਸੋਫੇ 'ਤੇ ਬੈਠ ਜਾਂਦਾ ਹਾਂ।

ਉਹਨਾਂ ਦੀ ਗੱਲਬਾਤ ਦਾ ਵਿਸ਼ਾ ਕੋਈ ਪਲਾਟ ਵੇਚਣ-ਖਰੀਦਣ ਬਾਰੇ ਸੀ। ਲੱਖਾਂ ਕਰੋੜਾਂ ਦੀ ਗੱਲ ਹੋ ਰਹੀ ਸੀ। ਉਹਨਾਂ ਦਾ ਗੱਲ ਕਰਨ ਦਾ ਲਹਿਜ਼ਾ/ਸ਼ੈਲੀ ਕਿਸੇ ਪ੍ਰਾਪਰਟੀ



ਡੀਲਰ ਵਰਗਾ ਲੱਗਦਾ ਸੀ।

ਦੱਸੋ....।" ਫ਼ੋਨ ਵੱਲੋਂ ਵਿਹਲੇ ਹੋ ਕੇ ਉਹ ਮੈਨੂੰ ਸੰਬੋਧਨ ਹੋਏ, ਤੁਸੀਂ ਕਿਵੇਂ ਆਏ ਸੀ?"

ਮੈਂ ਬਗੈਰ ਕਿਸੇ ਭੂਮਿਕਾ ਦੇ ਆਪਣੀ ਗੱਲ ਆਖੀ।

"ਸਰ, ਆਹ ਮੇਰੀ ਨਵੀਂ ਕਿਤਾਬ ਛਪੀ ਆ, ਕਹਾਣੀ ਸੰਗ੍ਰਹਿ....।" ਮੈਂ ਉਹਨਾਂ ਦੀ ਮੇਜ਼ 'ਤੇ ਕਿਤਾਬ ਰੱਖਦਿਆਂ ਕਿਹਾ, "ਮੈਂ ਤੁਹਾਡੇ ਸਕੂਲ ਦੀ ਲਾਇਬਰੇਰੀ ਲਈ ਦੋ-ਚਾਰ ਕਿਤਾਬਾਂ ਦੇਣੀਆਂ ਚਾਹੁਨੈਂ....।"

"ਸਾਡੇ ਸਕੂਲ 'ਚ ਤਾਂ ਲਾਇਬਰੇਰੀ ਹੈਨੀ।"

ਇਸ ਗੱਲ ਤੇ ਮੈਨੂੰ ਝਟਕਾ ਜਿਹਾ ਲੱਗਦਾ ਹੈ। ਤੇ ਮੈਂ ਬਿੰਦ ਕੁ ਚੁਪ ਰਹਿ ਕੇ ਬੋਲਿਆ।

"ਠੀਕ ਆ ਸਰ, ਜੇ ਕੋਈ ਸਟਾਫ਼ ਮੈਂਬਰ ਜਾਂ ਵਿਦਿਆਰਥੀ ਕਿਤਾਬ ਲੈਣੀ ਚਾਹੁੰਦੈ, ਮੈਂ ਅੱਧੇ ਮੁੱਲ 'ਚ ਦੇ ਸਕਦਾ।"

"ਵੇਖੋ ਜੀ, ਸਟਾਫ਼ ਕੋਲ ਤਾਂ ਐਨਾ ਟਾਇਮ ਨ੍ਹੀਂ ਹੁੰਦੈ।" ਉਹਨਾਂ ਨੇ ਕਿਤਾਬ ਮੋੜਦਿਆਂ ਕਿਹਾ, "ਬਾਕੀ ਬੱਚੇ ਤਾਂ ਸਕੂਲ ਦੀਆਂ ਕਿਤਾਬਾਂ ਈ ਨਹੀਂ ਪੜ੍ਹਦੇ, ਇਹੋ ਜਿਹੀਆਂ ਕਿਤਾਬਾਂ ਪੜ੍ਹਨੀਆਂ ਤਾਂ ਦੂਰ ਦੀ ਗੱਲ ਆ....।"

ਇਸ ਦੇ ਜਵਾਬ 'ਚ ਮੈਂ ਕਹਿਣਾ ਚਾਹੁੰਦਾ ਸੀ ਕਿ "ਬੱਚਿਆਂ 'ਚ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕੀਹਨੇ ਕਰਨੀ ਆ? ਪਰ ਮੈਂ ਕੁਝ ਬੋਲਣਾ ਮੁਨਾਸਬ ਨਾ ਸਮਝਿਆ। ਤੇ ਨਮਸਤੇ ਕਹਿ ਕੇ ਦਫ਼ਤਰੋਂ ਬਾਹਰ ਹੋ ਗਿਆ।

"ਜੀ ਇਹ ਕਿਤਾਬਾਂ ਕਾਹਦੀਆਂ ਜੀ?"

ਗੇਟਕੀਪਰ ਦੇ ਪੁੱਛਣ 'ਤੇ ਮੈਂ ਸੰਖੇਪ 'ਚ ਦੱਸਦਾ ਹਾਂ।

ਉਹ ਜੇਬ 'ਚ ਹੱਥ ਪਾਉਂਦਿਆਂ ਪੁਛਦੈ, ਕਿੰਨੇ ਦੀ ਆ ਜੀ ਇੱਕ....?"

ਮੈਂ ਗਦਗਦ ਹੋ ਕੇ ਕਹਿਨੈ,

"ਤੇਰੇ ਲਈ ਮੁਫ਼ਤ।"

"ਨਹੀਂ ਜੀ, ਮੁਫ਼ਤ ਮਿਲੀ ਚੀਜ਼ ਦੀ ਤਾਂ ਬੇਕਦਰੀ ਹੁੰਦੀ ਆ, ਤੁਸੀਂ ਪੈਸੇ ਦੱਸੋ...।"

ਕਿਤਾਬਾਂ ਦੇ ਕਦਰਦਾਨ ਅੱਗੇ ਮੇਰਾ ਸਿਰ ਸ਼ਰਧਾ ਨਾਲ ਝੁਕ ਜਾਂਦੈ।

◆◆◆

# ਨਿਬੰਧ/ਵਿਅੰਗ

## ਤੇ ਮੈਂ ਸਾਰੇ ਯਾਦ-ਸਨਮਾਨ ਚਿੰਨ੍ਹ ਕਬਾੜੀਏ ਨੂੰ ਚੁਕਾ ਦਿੱਤੇ

**ਪ੍ਰੋ. ਹਰਮਦਰਦਵੀਰ ਨੌਸ਼ਹਿਰਵੀ**

ਮੈਂ ਵੇਸਵਾ ਦੇ ਚੌਬਾਰੇ ਦੀਆਂ ਪੌੜੀਆਂ ਚੜ ਰਿਹਾ ਸਾਂ। ਲਿਫਟ ਖਰਾਬ ਸੀ ਜਾਂ ਸ਼ਾਇਦ ਬਿਜਲੀ ਬੁਝੀ ਹੋਈ ਸੀ। ਮੇਰੇ ਲਈ ਏਨੀਆਂ ਪੌੜੀਆਂ ਚੜ੍ਹਨਾ ਬਹੁਤ ਮੁਸ਼ਕਲ ਹੋ ਰਿਹਾ ਸੀ। ਚੌਥੀ ਮੰਜ਼ਲ ਉੱਤੇ ਮੈਂ ਪਹੁੰਚਣਾ ਸੀ। ਇਹ ਮਜਨੂੰ ਕਾ ਟਿੱਲਾ ਨਹੀਂ ਸੀ, ਨਾ ਹੀ ਜੀ.ਬੀ. ਰੋਡ ਸੀ, ਨਾ ਸੋਨਾ ਗਾਲੀ ਸੀ, ਨਾ ਹੀ ਆਗਰਾ ਦੇ ਕਿਨਾਰੀ ਬਜ਼ਾਰ ਦੇ ਚੌਬਾਰੇ ਸਨ।

ਮੈਨੂੰ ਸਾਹ ਚੜ੍ਹਿਆ ਹੋਇਆ ਸੀ। ਮੈਂ ਚੌਥੀ ਮੰਜ਼ਿਲ ਦੇ ਸਬੰਧਤ ਚੌਬਾਰੇ ਦੇ ਦਰਵਾਜ਼ੇ ਦੀ ਪੁਸ਼ ਵਾਲੀ ਥਾਂ ਦਬਾਈ। ਦਰਵਾਜ਼ਾ ਅੰਦਰ ਵਲ ਖੁੱਲ੍ਹ ਗਿਆ। ਪੁਰਾਣੇ ਗਾਹਕ ਨੂੰ ਉਹ ਵੇਖ ਕੇ ਉਹ ਮੁਸਕਰਾਇਆ। ਮੈਂ ਆਪਣੀ ਨਵੀਂ ਕਿਤਾਬ ਦਾ ਖਰੜਾ ਦਿੱਤਾ-'ਮੇਰੀ ਕਲਮ ਦੇ ਪੰਜਾਹ ਸਾਲ'। ਜੇਬ ਖਾਲੀ ਕੀਤੀ। ਹੌਲੀ-ਹੌਲੀ ਪੌੜੀਆਂ ਉਤਰਨ ਲੱਗਾ।

ਮੈਂ ਆਪਣੇ ਸਾਰੇ ਯਾਦ ਚਿੰਨ੍ਹ ਕਬਾੜੀਏ ਨੂੰ ਚੁਕਾ ਦਿੱਤੇ। ਵੱਖ ਵੱਖ ਰੰਗਾਂ, ਵੱਖ ਵੱਖ ਅਕਾਰਾਂ, ਵੱਖ ਵੱਖ ਸਮਿਆਂ ਦੇ ਛੋਟੇ ਵੱਡੇ ਯਾਦ-ਚਿੰਨ੍ਹ। ਯਾਦ ਚਿੰਨ੍ਹ ਜਿਹਨਾਂ ਨਾਲ ਕੋਈ ਸੁਹਾਣੀ ਯਾਦ ਜੁੜੀ ਹੋਈ ਨਹੀਂ ਸੀ। ਇਹ ਸਾਰੇ ਯਾਦ ਚਿੰਨ੍ਹ ਕਬਾੜੀਏ ਸਿਕੰਦਰ ਨੇ ਆਪਣੀ ਦੁਕਾਨ ਵਿਚ, ਝਾੜ ਕੇ, ਸਜਾ ਕੇ ਰੱਖ ਦਿੱਤੇ। ਟੁੱਟ ਭੱਜ, ਕਬਾੜ ਦੀਆਂ ਭਰੀਆਂ ਪੰਡਾਂ ਤੇ ਰੱਦੀ ਕਾਗਜ਼ਾਂ ਗੱਤਿਆਂ ਦੇ ਅੰਬਾਰ ਪਿੱਛੇ ਤਰਤੀਬ ਨਾਲ ਰੱਖੇ ਮੇਰੇ ਯਾਦ ਚਿੰਨ੍ਹ ਵਖਰਾ ਹੀ ਦ੍ਰਿਸ਼ ਪੇਸ਼ ਕਰਦੇ ਸਨ।

ਮੈਂ ਸੋਚ ਰਿਹਾ ਸਾਂ ਵੱਖ ਵੱਖ ਸਮਾਗਮਾਂ ਵਿੱਚ ਮੈਨੂੰ ਦਿੱਤੇ ਗਏ ਸਨਮਾਨ-ਯਾਦ ਚਿੰਨ੍ਹ ਸ਼ਾਇਦ ਕਬਾੜੀ ਦੀ ਦੁਕਾਨ ਵਿੱਚ ਸਜਾ ਕੇ ਰੱਖਣ ਲਈ ਹੀ ਸਨ।

ਮੈਂ ਸਿਕੰਦਰ ਨੂੰ ਪੁੱਛਿਆਂ, ਇਹ ਸਨਮਾਨ-ਯਾਦ ਚਿੰਨ੍ਹ ਤੂੰ ਕਬਾੜ ਦੇ ਢੇਰ ਵਿੱਚ ਨਹੀਂ ਸੁੱਟੇ? ਇਸ ਤਰ੍ਹਾਂ ਸਜਾ ਕੇ ਕਿਉਂ ਰੱਖ ਲਏ ਹਨ।

ਸਿਕੰਦਰ ਨੇ ਕਿਹਾ-ਇਹ ਚਿੰਨ੍ਹ ਅੱਗੇ ਜਾ ਕੇ ਵਿਕਣੇ ਨਹੀਂ। ਤੋੜਿਆਂ ਇਹਨਾਂ ਵਿੱਚੋਂ ਨਿਕਲਣਾ ਕੁਝ ਨਹੀਂ । ਸਾਡੇ ਲਈ ਇਹ ਪੜਾਵੇ, ਖੁਰ ਪੌੜ ਕਿਸੇ ਕੰਮ ਦੇ ਨਹੀਂ। ਚਲੋ ਫੋਕੀ ਸਜਾਵਟ ਹੀ ਸਹੀ।



ਕਈ ਸਾਲ ਮੈਂ ਇਹ ਫੋਕੀ ਸਜਾਵਟ ਕਿਤਾਬਾਂ ਦੇ ਰੈਕਾਂ ਦੇ ਉਤਲੇ ਖਾਨਿਆਂ ਵਿੱਚ ਸਜਾ ਕੇ ਰੱਖਦਾ ਰਿਹਾ। ਹਫ਼ਤੇ ਬਾਅਦ ਇਹਨਾਂ ਯਾਦ ਚਿੰਨ੍ਹਾਂ ਤੋਂ ਘੱਟਾ ਝਾੜਦਾ ਰਿਹਾ। ਕਈ ਸਾਲ ਬੀਤੇ ਕੋਈ ਸਨਮਾਨਯੋਗ ਨਾ ਦਵਾ ਸਕੇ ਇਹ ਸਨਮਾਨ ਚਿੰਨ੍ਹ/ ਸਨਮਾਨ ਪੱਤਰ।

ਬਠਿੰਡਾ ਦੀ ਇੱਕ ਸਾਹਿਤ ਸਭਾ ਨੇ ਮੈਨੂੰ ਬੁਲਾਇਆਂ-ਸੀਨੀਅਰ ਲੇਖਕ ਹੋ, ਤੁਹਾਡਾ ਸਨਮਾਨ ਕਰਨਾ ਹੈ।

ਮੈਂ ਸਵੇਰੇ ਪੰਜ ਵਜੇ ਬਠਿੰਡੇ ਦੀ ਬਸ ਫੜੀ। ਦਸ ਵਜੇ ਮੈਂ ਬਠਿੰਡੇ ਪਹੁੰਚਿਆ। ਡੇਰੇ ਦੇ ਇੱਕ ਸਾਧ ਦੀ ਪ੍ਰਧਾਨਗੀ ਹੇਠ ਸਾਹਿਤ ਸਮਾਗਮ ਹੋ ਰਿਹਾ ਸੀ। ਸਮਾਗਮ ਸਮਾਪਤੀ ਸਮੇਂ ਯਾਦ-ਚਿੰਨ੍ਹ ਨਾਲ ਮੇਰਾ ਸਨਮਾਨ ਕੀਤਾ ਗਿਆ। ਲੱਕੜ ਦੇ ਯਾਦ-ਚਿੰਨ੍ਹ ਉੱਤੇ ਕੋਈ ਪੁਰਾਣਾ ਨਾਮ ਮਿਟਾ ਕੇ, ਮੇਰਾ ਨਾਮ ਲਿਖਿਆ ਹੋਇਆ ਸੀ।

ਧਾਰੀਵਾਲ ਦੀ ਇੱਕ ਸਭਾ ਨੇ ਮੈਨੂੰ ਸਨਮਾਨ ਲਈ ਬੁਲਾਇਆ ਸੀ। ਮੇਰੇ ਸਨਮਾਨ ਦੀ ਵਾਰੀ ਸ਼ਾਮ ਚਾਰ ਵਜੇ ਆਈ। ਪਹਿਲਾਂ ਇਕ ਹੋਰ ਕਵੀ ਦਾ ਸਨਮਾਨ ਸੀ। ਉਸ ਦੀਆਂ ਕਵਿਤਾਵਾਂ ਉੱਤੇ ਪੇਪਰ ਪੜ੍ਹਿਆਂ ਗਿਆ। ਮੈਨੂੰ ਵੱਡਾ ਸਾਰਾ ਸਨਮਾਨ ਚਿੰਨ੍ਹ ਦਿੱਤਾ ਗਿਆ। ਚਿੰਨ੍ਹ ਦਾ ਥੱਲਾ ਸ਼ੀਸ਼ੇ ਦਾ ਡੱਬਾ ਸੀ। ਲੁਧਿਆਣਾ ਵੱਲ ਦੀ ਆਖਰੀ ਬੱਸ ਸੀ। ਭੀੜ ਵਿਚ ਮੈਂ ਮੁਸ਼ਕਲ ਨਾਲ ਬੱਸ ਦੇ ਅੰਦਰ ਵੜ ਸਕਿਆ। ਮੋਮੈਂਟੋ ਦਾ ਥੱਲਾ ਟੁੱਟ ਕੇ ਹੇਠਾਂ ਡਿੱਗ ਪਿਆ। ਮੇਰੇ ਪਾਸ ਗੁਰਜ ਵਾਲਾ ਡੰਡਾ ਹੀ ਬਾਕੀ ਰਹਿ ਗਿਆ ਸੀ।

ਮੇਰੇ ਹਿੱਸੇ ਕੋਈ ਜਿੱਤ ਦਾ ਗੁਰਜ ਨਹੀਂ ਆਇਆ। ਨਾ ਹੀ ਮੇਰੇ ਪਾਸ ਕੋਈ ਅਜਿੱਤ ਰੁਮਾਲੀ ਹੈ।

ਮੇਰੇ ਹੱਥ ਇੱਕ ਡੰਡਾ ਹੀ ਆਇਆ। ਡੰਡੇ ਨੂੰ ਪੁਲਿਸ ਦੀ ਲਾਠੀ ਬਣਾ ਸਕਦਾ ਸਾਂ। ਲਾਠੀ ਨਿਰਦੋਸ਼ਾਂ ਦੀਆਂ ਮੌਰਾਂ ਸੇਕਦੀ। ਮੱਦ ਮੈਲੇ ਹੋਠਾਂ ਵਿਚੋਂ ਗੰਦ-ਬੋਲਦੀ- ਬੇਮੂੰਹੀਆਂ ਗਾਲ੍ਹਾਂ ਕੱਢਦੀ। ਪਰ ਐਨਾ ਮੇਰੇ ਪਾਸੋਂ ਹੋ ਨਾ ਸਕਿਆ।

ਆਪਣੇ ਹੱਥਲੇ ਡੰਡੇ ਵਿੱਚ ਮੈਂ ਛੇਕ ਕੱਢੇ। ਬੰਸਰੀ ਬਣਾਈ। ਮਾਰੀ ਫੂਕ। ਵਿਚੋਂ ਨਿਕਲੀ ਹੂਕ। ਬੰਸਰੀ ਮੈਂ ਹੋਠਾਂ ਉੱਤੇ ਰੱਖੀ। ਦਰਿਆਵਾਂ ਦੇ ਵਹਿਣ। ਖੇੜੇ ਦੇ ਫੁੱਲ ਨਾ ਵਰਸੇ। ਨਿਕਲੇ ਵੈਣ।

ਇਸ ਡੰਡੇ ਦੇ ਸਿਰ ਉੱਤੇ ਬੰਨ੍ਹ ਸੁਰਖ ਫਰੇਗਾ। ਮਾਰਦਾ ਸਾਂ, ਮਜ਼ਦੂਰ ਬਸਤੀਆਂ ਵਿੱਚ ਗੇੜਾ। ਪਰ ਇਨਕਲਾਬ ਤਾਂ ਆਗੂਆਂ ਦੇ ਏ.ਸੀ. ਕਮਰਿਆਂ ਵਿੱਚ ਕੈਦ ਹੋ ਗਿਆ ਸੀ।

ਸਾਰੀ ਉਮਰ ਮੈਂ ਮਾਸਟਰ ਰਿਹਾ। ਪ੍ਰਾਇਮਰੀ ਤੋਂ ਕਾਲਜ ਤੱਕ ਪਹੁੰਚਿਆ। ਡੰਡਾ ਮੇਰੇ ਪਾਸ ਰਿਹਾ। ਡੰਡਾ ਸਿਰਫ ਦਬਕਾ ਮਾਰਦਾ ਰਿਹਾ- ਡਰਾਉਂਦਾ ਰਿਹਾ। ਪਰ ਧੌਂਸ ਤੇ ਧੱਕੇ ਨੂੰ

ਨਾ ਡਰਾ ਸਕਿਆ।

ਤੇ ਫੇਰ ਮੈਂ ਟੁੱਟੇ ਮੋਮੈਂਟੋ ਵਾਲੇ ਡੰਡੇ ਦੀ ਕਲਮ ਬਣਾਈ। ਕਲਮ ਮੇਰੇ ਰਾਸ ਆਈ। ਮੈਂ ਪੜ੍ਹਦਾ ਰਿਹਾ। ਨੌਕਰੀ ਕਰਦਾ ਰਿਹਾ। ਕਲਾਸ ਲਈ ਦੇਸ਼ ਵਿਦੇਸ਼ ਤੋਂ ਸਮਗਰੀ ਇੱਕਠੀ ਕਰਦਾ ਰਿਹਾ। ਲਿਖਦਾ ਰਿਹਾ। ਸਰਹੱਦੋਂ ਏਧਰ ਓਧਰ ਦੀਆਂ, ਸਮੁੰਦਰੋਂ ਪਾਰ ਦੀਆਂ ਪੁਸਤਕਾਂ ਪੜ੍ਹਦਾ ਰਿਹਾ। ਥੱਲ ਸਾਗਰ ਤਰਦਾ ਰਿਹਾ। ਕੋਹ ਕੋਹ ਤੁਰਦਾ, ਕੋਹ-ਕਾਫ ਚੜ੍ਹਦਾ ਰਿਹਾ। ਗੰਗਾ, ਗੋਮਤੀ, ਵੋਲਗਾ, ਨੀਲ, ਦਰਿਆ ਬੋਅ ਸਿਰਹਾਣੇ ਬੈਠਾ ਲਿਖਦਾ ਰਿਹਾ। ਸੁੱਖ ਸਹੂਲਤਾਂ, ਸਮੇਂ ਦੀ ਕੁਰਬਾਨੀ ਦਿੰਦਾ ਰਿਹਾ। ਦਵਾਤ ਵਿੱਚ ਪਾ ਕੇ ਖ਼ੂਨ ਜਿਗਰ ਦਾ ਲਿਖਦਾ ਰਿਹਾ। ਸੁੱਖ ਸਹੂਲਤਾਂ, ਸਮੇਂ ਦੀ ਕੁਰਬਾਨੀ ਦਿੰਦਾ ਰਿਹਾ। ਦਵਾਤ ਵਿੱਚ ਪਾ ਕੇ ਖ਼ੂਨ ਜਿਗਰ ਦਾ ਲਿਖਦਾ ਰਿਹਾ। ਦੱਬੇ ਕੁੱਚਲੇ, ਮਜ਼ਦੂਰ, ਮਾਯੂਸ, ਨਿਆਂ-ਅਧਿਕਾਰ-ਵਿਹੂਣੇ ਲੋਕਾਂ ਦੇ ਰੌਸ਼ਨ ਭਵਿੱਖ ਲਈ ਲਿਖਦਾ ਰਿਹਾ।

ਫਰੀਦਾ ਜੇ ਤੂੰ ਅਕਲ ਲਤੀਫ, ਕਾਲੇ ਲਿਖੁ ਨਾ ਲੇਖ

ਆਪਨੜੇ ਗਰੀਬਾਨ ਮੇਂ ਸਿਰ ਨੀਵਾਂ ਕਰਕੇ ਦੇਖ।

ਮੇਰੇ ਜੀਵਨ ਸੰਘਰਸ਼ ਦੀ ਗਾਥਾ, 'ਕਾਲੇ ਲਿਖੁ ਨਾ ਲੇਖ' ਛਪੀ। ਭਾਸ਼ਾ ਵਿਭਾਗ ਪਟਿਆਲਾ ਦੀ ਡਾਇਰੈਕਟਰ ਬਲਬੀਰ ਕੌਰ ਨੇ ਇਹ ਪੁਸਤਕ ਰੀਲੀਜ਼ ਕੀਤੀ। ਇਸ ਪੁਸਤਕ ਦੀ ਵੇਦਨਾ ਦੀ ਥਾਹ ਕੋਈ ਨਾ ਪਾ ਸਕਿਆ। ਦਲਾਲ ਨੇ ਲੇਖਕ ਦੀ ਖਿਲ੍ਹੀ ਉਡਾਈ। ਸਵੈ ਬਣੇ ਮਹਾਂਰਥੀ ਆਪਣੀ ਆਪਣੀ ਹਉ-ਸ਼ੈਲ ਵਿੱਚ ਰਹੇ ਬੰਦ। ਕੋਈ ਨਾ ਬਣਿਆ ਸੱਚੀ ਕਲਮ ਦਾ ਸਹਾਈ।

ਮਣਕੂ ਨੇ ਫਿਰੋਜ਼ਪੁਰ ਕਿਸੇ ਮਿੱਤਰ ਨੂੰ ਫੋਨ ਕਰਕੇ ਪੁੱਛਿਆ। ਮੇਰੀ ਪਹਿਲੀ ਕਿਤਾਬ ਆ ਰਹੀ ਹੈ ਨਾਮ ਹੈ ਸੀਰਨੀ। ਕੀ ਇਹ ਨਾਮ ਟੀਕ ਹੈ?

ਤੁਹਾਡੇ ਸ਼ਹਿਰ ਵਿੱਚ ਸੀਨੀਅਰ ਲੇਖਕ ਨੌਸ਼ਹਿਰਵੀ ਰਹਿੰਦਾ ਹੈ। ਉਸ ਪਾਸੋਂ ਰਾਏ ਕਿਉਂ ਨਹੀਂ ਲੈਂਦੇ?

ਮਣਕੂ ਚੁੱਪ ਹੋ ਗਿਆ। ਸੋਚਣ ਲੱਗਾ ਇਹ ਨੌਸ਼ਹਿਰਵੀ ਕੌਣ ਹੈ?

ਭਰੀ ਸਭਾ ਵਿੱਚ ਬਿੰਦ ਨੇ ਕਿਹਾ-ਪ੍ਰੋਫੈਸਰ ਸਾਹਿਬ ਤਾਂ ਕਿਸੇ ਨੂੰ ਆਪਣੀ ਕਿਤਾਬ ਦਿੰਦੇ ਹੀ ਨਹੀਂ।

-ਜਵਾਲਾ ਸਿੰਘ ਜੀ ਕਿਤਾਬ ਖਰੀਦ ਕੇ ਪੜ੍ਹਨ ਦੀ ਆਦਤ ਪਾਓ। ਮੁਫ਼ਤ ਦਿੱਤੀ ਚੀਜ਼ ਆਪਣੀ ਕਦਰ ਘਟਾ ਲੈਂਦੀ ਹੈ।

ਮੈਂ ਸਾਰੇ ਯਾਦ ਚਿੰਨ੍ਹ ਕਬਾੜੀਏ ਨੂੰ ਚੁੱਕਾ ਦਿੱਤੇ ਸਨ। ਬਹੁਤ ਸੋਹਣੇ ਫਰੇਮ ਵਿੱਚ ਜੜਿਆਂ ਇੱਕ ਸਨਮਾਨ ਚਿੰਨ੍ਹ ਹਾਲੀ ਵੀ ਮੇਰੀ ਬੈਠਕ ਦੀ ਕੰਧ ਨਾਲ ਲੱਗਾ ਹੋਇਆ ਸੀ। 108 ਸਵਾਮੀ ਸ਼ਰਧਾ ਨੰਦ ਜੀ ਮਹਾਰਾਜ ਯਾਦਗਾਰੀ ਸਨਮਾਨ ਨਾਮਵਰ ਲੇਖਕ ਨੌਸ਼ਹਿਰਵੀ



ਨੂੰ ਭੇਟ ਕਰਕੇ ਅੰਤਰ ਰਾਸ਼ਟਰੀ ਪੰਜਾਬੀ ਲੇਖਕ ਸਭਾ (ਮ.) ਮਾਣ ਮਹਿਸੂਸ ਕਰਦੀ ਹੈ.....

ਇਹ 108 ਸਵਾਮੀ ਸ਼ਰਧਾ ਨੰਦਾ ਭਲਾ ਕੋਣ ਹੋਇਆ?

ਮੈਨੂੰ ਨਹੀਂ ਪਤਾ।

ਤੇ ਫੇਰ ਇਹ ਸਨਮਾਨ ਪੱਤਰ ਫਰੇਮ ਆਪਣੀ ਬੈਠਕ ਵਿੱਚ ਕਿਉਂ ਲਾਇਆ ਹੋਇਆ ਹੈ?

ਪਿੱਛਲੇ ਕਈ ਸਾਲਾਂ ਵਿੱਚ ਇਕੱਠੀਆਂ ਹੋਈਆਂ ਕਿਤਾਬਾਂ, ਮੈਂ ਰੈਕਾਂ, ਅਲਮਾਰੀਆਂ ਵਿਚੋਂ ਕੱਢ ਕੇ ਹੇਠਾਂ ਫਰਸ਼ ਉੱਤੇ ਖਿਲਾਰ ਦਿੱਤੀਆਂ। ਖਰੀਦੀਆਂ ਹੋਈਆਂ ਕਿਤਾਂਬਾ। ਕਈ ਸਾਲਾਂ ਪਹਿਲਾਂ ਐਮ.ਏ. ਕਰਨ ਵੇਲੇ ਪੜ੍ਹੀਆਂ ਰਾਜਨੀਤੀ ਵਿਗਿਆਨ, ਇਤਿਹਾਸ, ਦਰਸ਼ਨ ਦੀਆਂ ਕਿਤਾਬਾਂ। ਪ੍ਰੇਮ ਭੇਟਾਂ ਵਜੋਂ ਮਿਲੀਆਂ ਕਿਤਾਬਾਂ-ਕਾਹਦਾ ਪ੍ਰੇਮ।

ਪਿੱਛਲੇ ਕੁਝ ਸਾਲਾਂ ਵਿੱਚ ਆਪਣੀ ਨਿੱਜੀ ਲਾਇਬ੍ਰੇਰੀਆਂ ਵਿੱਚੋਂ ਤਿੰਨ ਚਾਰ ਵੱਡੀਆਂ ਬੋਰੀਆਂ ਭਰ ਕੇ ਮੈਂ ਕੁਝ ਲਾਇਬ੍ਰੇਰੀਆਂ ਨੂੰ ਭੇਟ ਕਰ ਦੱਤੀਆਂ ਸਨ। ਹੌਲੀ-ਹੌਲੀ ਉਹ ਲਾਇਬ੍ਰੇਰੀਆਂ ਬੰਦ ਹੁੰਦੀਆਂ ਗਈਆਂ। ਸ਼ਰਾਬ ਦੇ ਨਵੇਂ ਠੇਕੇ ਖੁੱਲ੍ਹਦੇ ਗਏ।

ਮੈਂ ਸਿੰਕਦਰ ਕਬਾੜੀਏ ਨੂੰ ਘਰ ਬੁਲਾ ਕੇ, ਬਹੁਤ ਸਾਰੀਆਂ ਕਿਤਾਬਾਂ, ਤਿੰਨ ਚਾਰ ਵੱਡੀਆਂ ਬੋਰੀਆਂ ਭਰ ਕੇ ਚੁੱਕਾ ਦਿੱਤੀਆਂ। ਪੁਰਾਣੇ ਰਸਾਲਿਆਂ ਦਾ ਅੰਬਾਰ ਰੱਦੀ ਵਿੱਚ ਦੇ ਦਿੱਤਾ। ਹੁਣ ਕਿਸ ਨੇ ਪੜ੍ਹਨੀਆਂ ਹਨ ਕਿਤਾਬਾਂ, ਇਹ ਰਸਾਲੇ।

ਦੂਰੋਂ-ਦੂਰੋਂ (ਨੇੜਿਉਂ ਨਹੀਂ) ਲੇਖਕ ਕਵਿਤਾ ਭਵਨ ਮੈਨੂੰ ਮਿਲਣ ਆਉਂਦੇ ਹਨ। ਉਹ ਆਪਣੀ ਹੀ ਗਲ ਕਰਦੇ ਹਨ। ਮੇਰਾ ਏਥੋਂ ਸਨਮਾਨ ਹੋਇਆ-ਮੇਰੀ ਪੁਸਤਕ ਨੂੰ ਫਲਾਨੇ ਅਦਾਰੇ ਵੱਲੋਂ ਪੁਰਸਕਾਰ ਦਿੱਤਾ ਗਿਆ। ਮੇਰੀ ਗੱਲ ਸੁਣਨ ਦਾ ਉਹਨਾਂ ਪਾਸ ਸਮਾਂ ਹੀ ਨਹੀਂ ਹੁੰਦਾ।

ਕਈ ਵਾਰ ਕਰਾਂਤੀਕਾਰੀ ਕੇਂਦਰ ਵਾਲੇ, ਅਕਾਡਮੀਆਂ ਵਾਲੇ, ਨਬਜ਼ ਮੰਚ ਵਾਲੇ, ਬਰਫਜੋਤੀ ਵਾਲੇ, ਤਰਕਸ਼ੀਲਾਂ ਵਾਲੇ, ਲਾਲ ਰੇਖਾਵਾਂ ਲੀਹਾਂ ਵਾਲੇ, ਸੱਥਾਂ, ਯੂਨੀਅਨਾਂ ਵਾਲੇ ਮੰਚਾ ਵਾਲੇ, ਸਭਾਵਾਂ ਵਾਲੇ ਆਉਂਦੇ ਹਨ। ਤੁਸੀਂ ਸਾਰੀ ਉਮਰ ਲੋਕਾਂ ਲਈ ਲਿਖਦਿਆਂ, ਅਨਿਆਂ ਤੇ ਜ਼ੁਲਮ ਵਿਰੁੱਧ ਬੋਲਦਿਆਂ ਸਾਰੀ ਉਮਰ ਲਾ ਦਿੱਤੀ।

ਬੁਲ੍ਹ ਹਮਦਰਦੀ! ਫੋਕਾ ਸਨੇਹ।

ਇਨਾਮ ਸਨਮਾਨ ਸਿਰਫ ਵੱਖ ਵੱਖ ਉਪਜਾਊ ਸਰਕਾਰੀ ਬੌਸਾਂ ਸਾਹਿਤਕ ਤੇ ਮੀਡੀਆਂ ਦੇ ਮਾਲਕ ਚੌਧਰੀਆਂ ਲਈ.....

ਪਿੱਛਲੇ ਸਾਲਾਂ ਵਿੱਚ ਮੈਂ ਕਈ ਸਮਰਪਿਤ ਲੋਕ ਹਿੱਤੂ ਸਾਹਿਤਕਾਰਾਂ ਬਾਰੇ ਲਿਖਿਆ, ਹਾਂ ਮੁੱਖੀ ਰੀਵੀਊ ਕੀਤੇ, ਵੱਡੀਆਂ ਸਭਾਵਾਂ ਵਿੱਚ ਉਹਨਾਂ ਦੀ ਚੰਗੀ ਗ਼ਜ਼ਲ, ਕਵਿਤਾ, ਕਹਾਣੀ ਦੀ ਸ਼ਲਾਘਾ ਕੀਤੀ।

ਵਿਹੜੇ ਵਿੱਚ ਘੁੰਮਦਿਆਂ ਬਿਤਾਈਆਂ ਉਦਾਸ ਚਾਂਦਨੀ ਰਾਤਾਂ। ਕਿਧਰੋਂ ਨਹੀਂ ਹੋਏ, ਹਾਂ ਮੁਖੀ-ਪਛਾਣ ਇਸ਼ਾਰੇ। ਸਿਰਫ ਤਾਰੇ ਭਰਦੇ ਰਹੇ ਹੁੰਗਾਰੇ। ਸਾਲਾਂ ਤੋਂ ਮਨੁੱਖ ਪੱਖੀ ਰਾਹਾਂ ਉੱਤੇ ਨਿਰੰਤਰ ਤੁਰਦੀ ਇਸ ਕਲਮ ਨਾਲ ਕੌਣ ਤੁਰਗੇ। ਕੌਣ ਇਹਨਾਂ ਲੱਖਾਂ ਅੱਖਰਾਂ ਨੂੰ ਪੜ੍ਹੇਗਾ। ਤੇ ਬੋਲੇਗਾ। ਕਈ ਲਘੂ ਲੇਖਕ ਮੇਰੇ ਬਹੁਤ ਪਿੱਛੇ ਆਏ-ਅੱਗੇ ਲੰਘ ਗਏ। ਮਦ ਮਾਇਆ ਸਿਫਾਰਸ਼ੀ ਲਿਫਟਾਂ ਰਾਹੀਂ ਟੀਸੀ ਦਾ ਸ਼੍ਰੋਮਣੀ ਬੇਰ ਤੋੜਨ ਵਿੱਚ ਸਫ਼ਲ ਰਹੇ। ਮੈਂ ਝੁੱਗੀਆਂ, ਝੌਂਪੜੀਆਂ, ਵਿਹੜਿਆਂ, ਬਸਤੀਆਂ, ਮੰਡੀਆਂ, ਕੱਲਰਾਂ, ਬੰਜਰਾਂ ਵਿੱਚ ਵਿਚਰਦਾ ਰਿਹਾ। ਲਿਖਦਾ ਰਿਹਾ। ਉੱਚੇ ਰੁਤਬਿਆਂ ਵਾਲੇ, ਜਗਾਤੂ ਕਲਮਾਂ ਵਾਲਿਆਂ ਦੀ ਭਾਵੇਂ ਨਿਗਾਹ ਵਿੱਚ ਰਿਹਾ। ਪਰ ਬੇਪਛਾਣ ਰਿਹਾ। ਸਾਜ਼ਿਸ਼ੀ ਨਜ਼ਰ ਅੰਦਾਜ਼ੀ ਦਾ ਸ਼ਿਕਾਰ ਰਿਹਾ।

ਰੇਤ ਬਜਰੀ ਮਾਫੀਆਂ ਹੈ, ਟਰਾਂਸਪੋਰਟ ਮਾਫ਼ੀਆਂ ਹੈ, ਡਰੱਗ ਸ਼ਰਾਬ ਮਾਫੀਆ ਹੈ, ਨਿੱਜੀ ਸਿੱਖੀਆ ਮਾਫ਼ੀਆਂ ਹੈ-ਸਾਹਿਤ ਪੁਰਸਕਾਰ ਮਾਫੀਆ ਹੈ। ਸਾਹਿਤ ਪੁਰਸਕਾਰ ਜਜਮੈਂਟ ਦੇ ਸੋਫੇ ਉੱਤੇ ਬੈਠਣ ਵਾਲੇ ਕੁੱਝ ਐਸੇ ਲੋਕ ਹਨ ਜਿਨ੍ਹਾਂ ਨੇ ਪਿਛਲੇ ਕਈ ਸਾਲਾਂ ਵਿੱਚ ਕੁਝ ਵੀ ਮੌਲਿਕ ਨਹੀਂ ਲਿਖਿਆ ਹੁੰਦਾ। ਤੂੰ ਮੇਰੇ ਬੰਦੇ ਨੂੰ ਵੋਟ ਪਾ, ਮੈਂ ਤੇਰੇ ਬੰਦੇ ਨੂੰ ਪਾਉਂਦਾ ਹਾਂ। ਕੁਝ ਬੰਦੇ ਰੌਲਾ ਪਾ ਕੇ ਹੀ ਆਪਣੇ ਬੰਦੇ ਨੂੰ ਜਿਤਾਉਂਦੇ ਹਨ। ਮੇਰੀ ਆਵਾਜ਼ ਕੌਣ ਬਣੇਗਾ?

ਮੇਰੀ ਨਾ ਕੋਈ ਜੁੰਡਲੀ ਹੈ, ਨਾ ਕੋਈ ਮੰਡਲੀ। ਮੇਰਾ ਨਾ ਫਾਦਰ ਹੈ ਨਾ ਕੋਈ ਗੌਡ ਫਾਦਰ। ਮੇਰੇ ਪਾਸ ਮੇਰੀ ਸਿਹਤਮੰਦ ਕਲਮ ਹੈ ਤੇ ਅੱਖਰਾਂ ਦਾ ਸਾਗਰ। ਮੈਨੂੰ ਤੁਸੀਂ ਕਾਲਜ ਦੀ ਗੋਲਡਨ ਜੁਬਲੀ ਸਮੇਂ ਯਾਦ ਕੀਤਾ, ਇਹ ਮੇਰਾ ਨਹੀਂ, ਤੁਹਾਡਾ ਹੀ ਹੈ ਨਿਰਾਦਰ।

ਚੰਗੇ ਪਾਠਕ ਮੇਰੀ ਰਚਨਾ ਪੜ੍ਹਦੇ ਹਨ। ਫੋਨ ਕਰਦੇ ਹਨ। ਅਸੀਂ ਤੁਹਾਨੂੰ ਪਿਆਰ ਕਰਦੇ ਹਾਂ। ਤੁਹਾਡੀ ਉਮਰ ਵੱਡੀ ਹੋਵੇ-ਬੇਸ਼ੱਕ ਸਾਡੇ ਪਾਸੋਂ ਸਾਡੀ ਉਮਰ ਦੇ ਕੁਝ ਸਾਲ ਲੈ ਲਵੋ। ਲਿਖਦੇ ਰਹੋ। ਸਾਡੀਆਂ ਦੱਬੀਆਂ ਕੁੱਚਲੀਆਂ ਸਧਰਾਂ ਨੂੰ ਅੱਖਰ ਦਿੰਦੇ ਰਹੋ। ਥੱਕੋ ਨਾ।

ਮੇਰੀ ਕਲਮ ਹਾਲੀਂ ਥੱਕੀ ਨਹੀਂ।

◆◆◆



# ਆਓ ਸੋਹਣਾ ਪੰਜਾਬ ਸਿਰਜੀਏ

**ਰਾਜਿੰਦਰ ਵਰਮਾ**

ਉਹ ਪੰਜਾਬ ਕਿਧਰੋਂ ਵੀ ਨਜ਼ਰ ਨਹੀਂ ਆਉਂਦਾ, ਜਿੱਥੇਂ ਠੰਢੀ ਮਿੱਠੀ ਹਵਾ ਚੱਲ ਰਹੀ ਹੋਇਆ ਕਰਦੀ ਸੀ। ਅੱਜ ਉਹ ਜਵਾਨ ਨਜ਼ਰ ਨਹੀਂ ਆਉਂਦੇ ਜੋਂ ਮੋਢਿਆਂ ਉੱਤੇ ਡਾਗਾਂ ਉਲਾਰ ਕੇ ਖੜ੍ਹ ਜਾਇਆ ਕਰਦੇ ਸਨ। ਉਹ ਸਾਂਝ, ਭਾਈਚਾਰਾ, ਪਿਆਰ , ਅਪਣੱਤ ਪਤਾ ਨਹੀ ਕਿੱਥੇ ਉਡ-ਪੁੱਡ ਗਿਆ ਹੈ।



ਮੇਰੇ ਪੰਜਾਬ ਦੇ ਪੰਜ ਦਰਿਆ ਵਗਿਆ ਕਰਦੇ ਸਨ। ਦੁੱਧ ਦੀਆਂ ਨਦੀਆਂ ਵਹਿੰਦੀਆਂ ਸਨ। ਦੁੱਧ-ਪੁੱਤ ਨੂੰ ਵੇਚਣਾ ਜੁਰਮ ਸਮਝਿਆ ਜਾਂਦਾ ਸੀ। ਅੱਜ ਇੱਥੇ ਨਸ਼ਿਆਂ ਦਾ ਵਗਦਾ ਛੇਵਾਂ ਦਰਿਆ ਜੁਆਨੀਆਂ ਨੂੰ ਰੋੜ ਕੇ ਲੈ ਗਿਆ। ਦੇਸ਼ ਦੇ ਰਾਖੇ ਸਿਰਫ਼ 28 ਦਿਨਾਂ 'ਚ ਨਸ਼ਾ ਦੂਰ ਭਜਾ ਕੇ ਪੰਜਾਬ ਨੂੰ ਨਸ਼ਾ ਮੁਕਤ ਕਰ ਦੇਣ ਦਾ ਦਾਅਵਾ ਕਰ ਰਹੇ ਨੇ, ਪ੍ਰੰਤੂੰ ਹੋਇਆ ਕੁੱਝ ਨਹੀਂ, ਨਾ ਹੀ ਸ਼ਾਇਦ ਕੁੱਝ ਹੋਵੇਗਾ। ਨਸ਼ਾ ਮੁਕਤ ਪੰਜਾਬ ਦੀ ਗੱਲ ਕਰਦਿਆਂ ਇੱਕ ਰਿਟਾਇਰਿਟਡ ਜੱਜ ਨੇ ਕਿਹਾ ਜੇਲਾਂ ਨੂੰ ਨਸ਼ਾ ਮੁਕਤ ਕਰ ਦਿਉ। ਪ੍ਰੰਤੂ ਕੀ ਅਜਿਹਾ ਸੰਭਣ ਹੈ? ਸ਼ਾਇਦ ਉੱਤਰ ਨਾਂਹ 'ਚ ਜਾ ਰਿਹਾ ਹੈ। ਸਭ ਕੁੱਝ ਗੋਲ-ਮਾਲ ਹੈ। ਸਮਝ ਤੋਂ ਬਾਹਰ ਹੋ ਰਿਹਾ ਹੈ। ਅਜਿਹਾ ਕੁੱਝ ਹੋਣਾ ਨਹੀਂ ਚਾਹੀਦਾ, ਪ੍ਰੰਤੂ ਹੋ ਅੱਛਾ ਨਹੀਂ ਰਿਹਾ ਹੈ। ਸਿਹਤ ਅਤੇ ਸਿੱਖਿਆ ਦੇਣਾ ਹਰ ਸਰਕਾਰ ਦਾ ਮੁੱਢਲਾ ਫਰਜ਼ ਹੈ। ਪ੍ਰੰਤੂ ਸਰਕਾਰ ਬੁਰੀ ਤਰ੍ਹਾਂ ਦੋਨਾਂ ਮੁੱਦਿਆਂ ਦੇ ਫੇਲ ਹੋ ਰਹੀ ਹੈ।

ਸਿਹਤ ਸਹੂਲਤਾਂ ਦੀ ਘਾਟ ਕਾਰਨ ਜੱਚਾ-ਬੱਚਾ ਦਾ ਮਰ ਜਾਣਾ ਆਮ ਜਿਹੀ ਖਬਰ ਬਣ ਕੇ ਰਹਿ ਗਈ ਹੈ। ਇੱਕ ਸਰਕਾਰੀ ਸਕੂਲ ਦੇ 17 ਅਧਿਆਪਕਾਂ ਦੀ ਜਗ੍ਹਾ ਸਿਰਫ਼ ਇੱਕ ਅਧਿਆਪਕ ਦਾ ਹੋਣਾ ਸਿੱਖਿਆ ਵਿਭਾਗ ਲਈ ਪ੍ਰਸ਼ਨ ਚਿੰਨ ਬਣ ਕੇ ਰਹਿ ਗਿਆ ਹੈ।

ਭੁੱਖਮਰੀ ਅਤੇ ਬੇਰੁਜਗਾਰੀ ਦੇ ਅਹਿਮ ਮੁੱਦੇ ਹਨ ਜਿਨ੍ਹਾਂ ਉੱਤੇ ਗੌਰ ਨਹੀਂ ਹੋ ਰਿਹਾ।

ਭਾਰਤ ਦੇ 17 ਕਰੋੜ 40 ਲੱਖ ਲੋਕ ਭੁੱਖੇ ਮਰ ਰਹੇ ਹਨ ਜਦ ਕਿ ਅਨਾਜ ਲੱਖਾਂ ਹੀ ਟਨ ਸੜ ਰਿਹਾ ਹੈ। ਬਾਰਸ਼ 'ਚ ਭਿੱਜ ਰਿਹਾ ਹੈ। ਕੌਣ ਕਹੇ -ਰਾਣੀ ਅੱਗਾ ਢੱਕ।

ਬੇਰੁਜ਼ਗਾਰਾਂ ਦੀ ਲੰਮੀ ਲਾਇਨ ਨਿੱਤ ਪ੍ਰਤੀ ਨਿੱਤ ਲੰਮੀ ਹੁੰਦੀ ਜਾ ਰਹੀ ਹੈ। ਇੱਕ ਚਪੜਾਸੀ ਦੀ ਪੋਸਟ ਲਈ ਐਜੂਕੇਟਡ ਕੈਂਡੀਡੇਟ ਆ ਰਿਹਾ ਹੈ ਪ੍ਰੰਤੂ ਫਿਰ ਵੀ ਉਹ ਅਸਾਮੀ ਦੀ ਪ੍ਰਾਪਤੀ ਤੋਂ ਦੂਰ ਹੈ। ਕਿਉਂਕਿ ਇਸ ਆਸਮੀ ਲਈ ਯੋਗਤਾ ਗਰੇਜੂਏਸ਼ਨ

ਰੱਖੀ ਗਈ ਹੈ। ਆਓ ਅਸੀਂ ਸਾਰੇ ਰਲ ਮਿਲ ਕੇ ਹੰਭਲਾ ਮਾਰ ਕੇ ਖ਼ਤਮ ਹੋ ਰਹੇ ਪੰਜਾਬ ਨੂੰ ਕਿਸੇ ਢੰਗ ਨਾਲ ਉਕਤ ਅਲਾਮਤਾਂ ਤੋਂ ਬਚਾਈਏ।

◆◆◆

# ਜਨਵਾਦੀ ਸਾਹਿਤ ਰਚਨਾ ਦੀ ਸਮਾਜਕ ਰਾਜਨੀਤਿਕ ਸਾਪੇਖਤਾ

**ਡਾ. ਤੇਜਵੰਤ ਮਾਨ**

ਜਨਵਾਦੀ ਸਾਹਿਤ ਦੀ ਉਕਤੀ ਦੀ ਸਮਾਜਵਾਦੀ ਯਥਾਰਥ ਦੇ ਸੰਬੰਧ ਵਿੱਚ ਸਾਹਿਤਕ ਪਰਿਭਾਸ਼ਾ ਵਜੋਂ ਸਮਝ ਲਈ ਇਹ ਜ਼ਰੂਰੀ ਹੈ ਕਿ ਅਸੀਂ ਪ੍ਰਗਤੀਵਾਦ ਦੇ ਰਾਜਨੀਤਕ ਸਾਪੇਖੀ ਅਰਥਾਂ ਨੂੰ ਸਹੀ ਸਦੰਰਭ ਵਿੱਚ ਸਮਝੀਏ। ਸਾਡੇ ਬਹੁਤ ਸਾਰੇ ਸਮਾਜਵਾਦੀ ਵਿਚਾਰਧਾਰਾਂ ਦੀ ਹਮਾਇਤੀ ਚਿੰਤਕ 'ਪ੍ਰਗਤੀਵਾਦ' ਅਤੇ 'ਪ੍ਰਗਤੀਸ਼ੀਲ' ਦੋ ਵੱਖੋ ਵਖਰੇ ਸੰਕਲਪਾਂ ਨੂੰ ਸਮਅਰਥੀ ਸਮਝਦੇ ਆ ਰਹੇ ਹਨ। ਉਹ ਪ੍ਰਗਤੀਸ਼ੀਲ ਨੂੰ ਪ੍ਰਗਤੀਵਾਦ ਵਜੋਂ ਹੀ ਪਰਚਾਰੀ ਜਾ ਰਹੇ ਹਨ। ਮੇਰੀ ਸਮਝ ਵਿੱਚ ਇਹ ਇੱਕ ਬਜਰ ਕੁਰਾਹਾ ਹੈ ਕਿਉਂਕਿ ਦੋਵੇਂ ਸੰਕਲਪਾਂ ਵਿੱਚ ਢੇਰ ਅੰਤਰ ਹੈ। ਦੋਵੇਂ ਵਿਰੋਧੀ ਕੋਨਿਆਂ ਦੀ ਵਿੱਥ ਰਖਦੇ ਹਨ। ਪ੍ਰਗਤੀਵਾਦ ਸਮਾਜਵਾਦੀ ਵਿਚਾਰਧਾਰਾ ਦਾ ਸਾਹਿਤਕ ਕਲਤਮਕ ਅਤੇ ਨੈਤਿਕ ਚਿੰਤਕ ਹੈ। ਬਿਲਕੁਲ ਇਸ ਦੇ ਉਲਟ ਪ੍ਰਗਤੀਸ਼ੀਲ ਪੂੰਜੀ ਅਤੇ ਜਾਇਦਾਦ ਪ੍ਰਗਤੀ ਦਾ ਤਕਰਸ਼ੀਲ ਸੰਕਲਪ ਹੈ। ਦਰਅਸਲ ਇਹ ਪੂੰਜੀ ਅਤੇ ਕਿਰਤ ਟਕਰਾਵੀ ਵਿਰੋਧ ਨੂੰ ਖੁੰਢਾ ਕਰਨ ਲਈ ਖਰੁਸਚਵੀਅਨ ਸਹਿ-ਹੋਂਦ (□□□□□□□□ □□□□□□□□□□□□) ਦੇ ਸਿਧਾਂਤ ਨੂੰ ਪ੍ਰਚਾਰਕ ਅਤੇ ਪ੍ਰਸਾਰਨ ਦਾ ਇੱਕ ਸਾਹਿਤਕ ਕਲਾਤਮਕ ਮਾਧਿਅਮ ਹੈ। ਜਿਸਨੂੰ ਅੱਗੇ ਚਲ ਕੇ ਗਰਵਾ ਚੋਣ ਨੇ ਦੇ ਨਾਂ ਉੱਤੇ ਸਮਾਜਵਾਦੀ ਯਥਾਰਥ ਅਤੇ ਪੂਜੀ ਯਥਾਰਥ ਦੇ ਜਮਾਤੀ ਟਕਰਾਓ ਅਤੇ ਸੰਵਾਦ ਨੂੰ ਘੜੇ ਹੀ ਲੁਕਵੇਂ ਢੰਗ ਨਾਲ ਪ੍ਰਗਤੀ ਸ਼ੀਲਤਾ ਦੇ ਨਾਂ ਰਾਹੀਂ (ਜਿਸ ਵਿੱਚ ਪੂੰਜੀ ਕਿਰਤੇ ਉੱਤੇ ਭਾਰੂ ਹੈ) ਸੰਵਾਦ ਰਹਿਤ ਅਤੇ ਟਕਰਾ ਰਹਿਤ ਕਰਨ ਦਾ ਯਤਨ ਕੀਤਾ ਹੈ ਅਤੇ ਜਮਾਤੀ ਸੰਘਰਸ ਨੂੰ ਲਗਭਗ ਹਾਸ਼ੀਏ ਉੱਤੇ ਧੱਕ ਦਿੱਤਾ ਹੈ।

ਭਾਰਤੀ ਸਾਹਿਤ ਚਿੰਤਨ ਵਿੱਚ ਡਾ. ਰਾਮ ਬਿਲਾਸ ਸ਼ਰਮਾ ਅਤੇ ਰਮੇਸ਼ ਰਾਘਟ ਨੇ ਪਹਿਲੀ ਵਾਰ ਮੁਨਸ਼ੀ ਪ੍ਰੇਮ ਚੰਦ ਦੇ ਪ੍ਰਗਤੀਵਾਦੀ ਸੰਕਲਪ ਨੂੰ ਪ੍ਰਗਤੀਸ਼ੀਲ ਨਾਂ ਨਾਲ ਸੰਬੋਧਨ ਕੀਤਾ ਅਤੇ ਭਾਰਤੀ ਸਾਹਿਤਕਾਰੀ ਦੇ ਪ੍ਰਗਤੀਵਾਦੀ ਲੇਖਕ ਸੰਘ ਨੂੰ ਪ੍ਰਗਤੀਸ਼ੀਲ ਲੇਖਕ ਸੰਘ ਦਾ ਨਾਂ ਦੇ ਦਿੱਤਾ। ਸਿੱਟਾ ਇਹ ਕਿ ਸਾਡੇ ਲੇਖਕ ਪ੍ਰਗਤੀਵਾਦੀ ਸਮਾਜਵਾਦੀ



ਸਕੰਲਪ ਨੂੰ ਤਿਆਗ ਪ੍ਰਗਤੀਸ਼ੀਲ (ਪਦਾਰਥਕ ਅਤੇ ਪੂੰਜੀ ਪ੍ਰਗਤੀ) ਦੀ ਤਰਕਸ਼ੀਲਤਾ ਦਾ ਪ੍ਰਚਾਰ ਕਰਕ ਲੱਗ ਪਏ। ਅਜਿਹੀ ਸਥਿੱਤੀ ਵਿੱਚ ਪ੍ਰਗਤੀਸ਼ੀਲਤਾ ਦੇ ਨਾਂ ਉੱਤੇ ਜਨ ਨੂੰ ਹਾਸ਼ੀਏ ਉੱਤੇ ਧੱਕ ਦਿੱਤਾ ਗਿਆ। ਫੇਰ ਕੁਝ ਚਿੰਤਕਾ ਇਸ ਰੁਝਾਨ ਨੂੰ ਰੋਕਣ ਲਈ ਸਰਬ ਭਾਰਤੀ ਜਨਵਾਦੀ ਲੇਖਕ ਸੰਘ ਦੀ ਸਥਾਪਨ ਕੀਤੀ। ਅੱਗੋਂ ਸ. ਗੁਰਸ਼ਰਨ ਸਿੰਘ ਜਿਹੇ ਰੰਗਮੰਚ, ਜਨਵਾਦੀ ਗਲਪ ਦੀ ਸਿਰਜਨਾ ਹੋਣ ਲਗੀ ਅਤੇ ਨਿਰੰਤਰ ਹੋ ਰਹੀ ਹੈ।

ਅਜੋਕੇ ਪੰਜਾਬੀ ਕਾਵਿ ਦੇ ਦੋ ਮਹੱਤਵਪੂਰਨ ਹਸਤਾਖਰਾਂ ਡਾ. ਅਰਵਿੰਦਰ ਕੌਰ ਕਾਕੜਾ ਅਤੇ ਭੁਪਿੰਦਰ ਜਗਰਾਉਂ ਨੇ 'ਜਨਵਾਦੀ ਕਾਵਿ ਸੁਰਾਂ' ਪੁਸਤਕ ਦਾ ਸੰਪਾਦਨ ਕਰਕੇ ਪ੍ਰਤੀਨਿਧ ਪੰਜਾਬੀ ਜਨਵਾਦੀ ਕਵਿਤਾ ਨੂੰ ਪੰਜਾਬੀ ਕਾਵਿ ਦੀ ਮੁਖ ਧਾਰਾ ਵਜੋਂ ਪਹਿਚਾਣਿਆ ਹੈ। ਇਸ ਪੁਸਤਕ ਵਿਚ ਵਿਦਵਾਨ ਸੰਪਾਦਕਾਂ ਨੇ ਅੰਮ੍ਰਿਤਾ ਪ੍ਰੀਤਮ-ਮੋਹਨ ਸਿੰਘ ਜੱਗੂ ਦੀ ਕਵਿਤਾ ਤੋਂ ਲੈਕੇ ਹੁਣ ਤੱਕ ਦੀਆਂ ਜਨਵਾਦੀ ਕਾਵਿ ਸੁਰਾਂ ਨੂੰ ਸ਼ਾਮਿਲ ਕੀਤਾ ਹੈ। ਕੁਲ 97 ਕਵੀਆਂ ਦੀਆਂ ਕਵਿਤਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਅੰਮ੍ਰਿਤ ਪ੍ਰੀਤਮ, ਮੋਹਨ ਸਿੰਘ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਪ੍ਰੀਤਮ ਸਿੰਘ ਸਫ਼ੀਰ, ਡਾ. ਜਗਤਾਰ ਸਿੰਘ, ਹਰਭਜਨ ਸਿੰਘ ਹੁੰਦਲ, ਪ੍ਰੀਤਮ ਸਿੰਘ ਰਾਹੀ, ਸੰਤ ਰਾਮ ਉਦਾਸੀ, ਸੁਰਜੀਤ ਪਾਤਰ, ਅਵਤਾਰ ਪਾਸ਼, ਸੁਲੱਖਣ ਸਰਹੱਦੀ, ਸੰਧੂ ਵਰਿਆਣਵੀ, ਅਮਰਜੀਤ ਚੰਦਨ, ਅਜਮੇਰ ਰੋਡੇ, ਮਿੰਦਰਪਾਲ ਭੱਠਲ, ਸੁਰਿੰਦਰ ਧੰਜਲ, ਦਰਸ਼ਨ ਖਟਕੜ, ਰਵਿੰਦਰ ਭੱਠਲ, ਲਾਲ ਸਿੰਘ ਦਿਲ, ਜਸਵੰਤ ਜ਼ਫ਼ਰ, ਜੈਮਲ੍ਹ ਪੱਡਾ, ਹਰਭਜਨ ਹਲਵਾਰਵੀ, ਲੋਕ ਨਾਥ, ਰਾਮ ਸਿੰਘ ਚਾਹਲ, ਗੁਰਭਜਨ ਗਿੱਲ, ਜਗਰਾਜ ਧੌਲਾ, ਪਵਨ ਹਰਚੰਦਪੁਰੀ ਆਦਿ 97 ਕਵੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਆਪਣੇ ਦੁਆਲੇ ਦੇ ਜਨ ਸਰੋਕਾਰਾਂ ਦੀ ਸੰਵਾਦੀ, ਟਕਰਾਵੀ ਅਤੇ ਨਾਬਰ ਸਥਿਤੀ ਨੂੰ ਰੁਦਨ, ਚੀਕ, ਹਾਉਕੇ, ਬੇਬਸੀ, ਨਿਸਲਤਾ ਵਿਚ ਰੂਪਾਂਤਰਤ ਕਰਨ ਵਿਚ ਲੱਗੀ ਹੋਈ ਹੈ ਜਾਂ ਫਿਰ ਟਕਰਾਓ ਨੂੰ ਬੜ੍ਹ ਕਸੂਰ ਰਾਹੀਂ ਲਲਕਾਰੀ ਦੀ ਗੂੰਜ ਵਿਚ ਨਿਰਾਰਥਕ ਸ਼ੋਰੀਲਾ ਕਰਨ ਵਲ ਰੁਚਿਤ ਹੈ। ਅਜਿਹੀ ਕਵਿਤਾ ਦਾ ਲੋਕ-ਸੰਬੋਧਨ ਬਾਰੇ ਸੰਵਾਦ ਰਚਾਉਣ ਲਈ ਲੋਕਾਇਤੀ ਸੰਬੋਧਨੀ ਸੁਰ ਹੀ ਕੋਈ ਕਾਰਗਰ ਮੰਤਵ ਸੁਨੇਹਾ ਦੇ ਸਕਣ ਦੇ ਕਾਬਲ ਹੋ ਸਕਦੀ ਹੈ।

'ਜਨਵਾਦੀ ਕਾਵਿ ਸੁਰਾਂ' ਕਾਵਿ ਸੰਗ੍ਰਹਿ ਦੇ ਕਵੀਆਂ ਦਾ ਪਹਿਲਾ ਗੁਣ ਬਹੁ-ਬਚਨੀ ਲੋਕ ਹੁੰਗਾਰੇ ਦੀ ਭਾਲ ਲਈ ਆਪਣੇ ਸੰਬੋਧਨ ਦੀ ਸਹੀ ਦਿਸ਼ਾ ਰੱਖਣ ਵਿੱਚ ਹੈ। ਸਮਕਾਲ ਦੀ ਸਥਿਤੀ ਬਾਰੇ ਇਹ ਕਵੀ ਬਹੁਤ ਸਾਰੇ ਪ੍ਰਸ਼ਨ ਖੜ੍ਹੇ ਕਰਦੇ ਹਨ ਤੇ "ਮੈਂ" "ਤੂੰ" ਨੂੰ ਅਸੀਂ-ਤੁਸੀਂ ਵਿਚ ਰੁਪਾਂਤਰ ਕਰਦਿਆਂ ਉਨ੍ਹਾਂ ਦੇ ਸਾਰਥਕ ਉਤਰ ਦੀ ਭਾਲ ਵਿੱਚ ਲੋਕ-ਭਾਵਨਾ ਨੂੰ ਕਲਾਵੇ ਵਿੱਚ ਲੈਣ ਦੀ ਕੋਸ਼ਿਸ਼ ਕਰਦੇ ਹਨ।

ਮੈ ਕੀ ਆਖਾਂ ਤੇਰੇ ਦੇਸ਼ ਨੂੰ
ਜਿਥੇ ਵਰਜਤ ਨਵੇਂ ਵਿਚਾਰ
ਜਿਥੇ ਵਹਿਮ ਪੜ੍ਹਾਂਦੇ ਇਲਮ ਨੂੰ
ਰੱਬ ਵੇਚਣ ਦੇ ਠੇਕੇਦਾਰ
ਜਿਥੇ ਮਿਹਨਤ ਸੌਂਦੀ ਭੁੱਖਿਆਂ
ਤੇ ਵੇਹਲੜ ਸੋਨੇ ਵਿਚਕਾਰ (ਅੰਮ੍ਰਿਤ ਪ੍ਰੀਤਮ)

ਕਿਹੜੇ ਨਿਜ਼ਾਮ ਦਾ ਜ਼ਮਾਨਾ ਆਇਆ ਹੈ
ਜਿਥੇ ਕੁਝ ਵੀ ਆਪਣਾ ਨਹੀਂ ਪਰਾਇਆ ਹੈ। (ਤਰਸਪਾਲ ਕੌਰ)

ਕੀ ਚਾਂਦਨੀ ਧੁਆਂਖੀ ਗਈ
ਤੇ ਸੂਰਜ ਬੁੱਢਾ ਹੋ ਗਿਆ ਹੈ
ਮਾਵਾਂ ਦੁਹੱਥੜੀ ਪਿੱਟਦੀਆਂ
ਡੇਰਿਆਂ ਤੋਂ ਸੁਖਾਂ ਮੰਗਦੀਆਂ
ਕੌਲਿਆਂ ਤੇ ਕੱਚੀ ਲੱਸੀ ਪਾਉਂਦੀਆਂ
ਦਸੋ ਜਰਾ ਪਿੰਡ ਵਾਸੀਓ
ਇਤਿਹਾਸ ਦਾ ਇਹ ਕਿਹੜਾ ਮੋੜ ਹੈ। (ਕਰਤਾਰ ਕੈਂਥ)

ਕੀ ਅਸੀਂ ਅਲਾਰਮ ਬਣ ਸਕਦੇ ਹਾਂ
ਇਕ ਦੂਜੇ ਲਈ  ਦਸ ਸਕਦੇ ਹਾਂ
ਕਿ ਅਸੀਂ ਜਿਉਂਦੇ  ਹਾਂ  ਗੁਆਚੇ ਨਹੀਂ
ਅਜੇ ਥਾਂ ਬਚੀ ਹੈ
ਸਾਡੀਆਂ ਅੱਖਾਂ 'ਚ ਸੁਪਨਿਆਂ ਲਈ। (ਸਵਰਨਜੀਤ ਸਵੀ)
ਸੁਭਾ ਸਵੇਰੇ ਬੂਹੇ ਉਤੇ ਜਦ ਉਹ ਅਖ਼ਬਾਰ ਮਰ ਗਿਐ।
ਕਿਉਂ ਹੋ ਰਿਹੈ ਹੈ ਏਥੇ ਹਾਦਸਾ ਸੁਆਲ ਦਸਤਕ ਦੇ ਰਿਹੈ
ਮੰਡੀ ਦਾ ਸੁਦਾਗਰ ਏਥੇ ਟਾਊਲਾ ਨਵਾਂ ਹੀ ਘੜ ਗਿਐ।
(ਅਰਵਿੰਦਰ ਕੌਰ ਕਾਕੜਾ)

ਉਪਰੋਕਤ ਬੜੇ ਹੀ ਗੰਭੀਰ ਪ੍ਰਸ਼ਨ ਹਨ ਜੋ ਸਾਡੀ ਸਮਕਾਲੀ ਵਿਵਸਥਾ ਦਾ ਕਰੂੜ ਯਥਾਰਥ ਪੇਸ਼ ਕਰਦੇ ਹਨ। ਪਰ ਸਵਾਲ ਇਹ ਹੈ ਕਿ ਕੀ ਇਹ ਕਰੂੜ ਪਹਿਚਾਣ



ਇਕ ਬੌਧਿਕ ਗੋਸ਼ਾ ਨਸ਼ੀਨੀ ਤਕ ਹੀ ਸੀਮਿਤ ਰਹਿਣੀ ਚਾਹੀਦੀ ਹੈ ਜਾਂ ਇਸ ਦੇ ਬਦਲਾ ਲਈ, ਮਾਨਵੀ ਜੀਵਨ-ਮੁਲਾਂ ਦੀ ਕਾਇਮੀ ਲਈ ਜਨ-ਚੇਤਨਾ ਦਾ ਕੋਈ ਸਾਰਥਕ ਉਪਰਾਲਾ ਗਤੀਸ਼ੀਲ ਹੋਣਾ ਚਾਹੀਦਾ ਹੈ। ਲੋਕ-ਸਾਹਿਤ ਰਚਨਾ ਲੋਕ-ਮੁਕਤੀ ਦੇ ਸਾਂਝੇ ਮਨੋਰਥ ਤੋਂ ਪਰੇ ਕਈ ਵਿਅਕਤੀਗਤ ਧੰਦਾ ਨਹੀਂ ਮੈਨੂੰ ਇਸ ਗਲ ਦੀ ਖੁਸ਼ੀ ਹੈ ਇਸ ਕਾਵਿ-ਸੰਗ੍ਰਹਿ ਦੇ ਕਵੀਆਂ ਦੀ ਕਾਵਿ-ਸੁਰ ਦਾ ਸੁਭਾ (□□□□□) ਮੁਕਤੀ-ਜਗਤ ਲੋਕ-ਕਾਂਗ ਦਾ ਹੁੰਗਾਰਾ ਹੈ।

ਤੂੰ ਜਗ੍ਹਾ ਦੇ ਮੋਮਬੱਤੀਆਂ ਤੂੰ ਜਮਾ ਦੇ ਮੋਮ ਬੱਤੀਆਂ
ਇਹ ਤਾਂ ਵਗਦੀਆਂ ਹੀ ਰਹਿਣੀਆਂ ਨੇ ਹਵਾਵਾਂ ਤੱਤੀਆਂ
ਨੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ।
ਰਾਤ ਨਾ ਸਮਝੇ ਕਿ ਸੂਰਜ ਮਰ ਗਿਆ ਹੈ
ਕਾਲਿਆਂ ਸਫ਼ਿਆਂ ਤੇ ਤੂੰ
ਲਿਖ ਸਤਰਾਂ ਲਾਲ ਰੱਤੀਆਂ
ਉਠ ਜਗ੍ਹਾ ਦੇ ਮੋਮ ਬੱਤੀਆਂ        (ਸੁਰਜੀਤ ਪਾਤਰ)
ਜਾਗ ਪੰਜਾਬ ਤੂੰ ਜਾਗ
ਊਠਾਂ ਵਾਲੇ ਲੈ ਕੇ ਲੁੱਟਕੇ
ਤੇਰਾ ਸੁਪਨ ਸੁਹਾਰਾ
ਜਾਗ ਪੰਜਾਬ ਤੂੰ ਜਾਗ
ਹੋ ਚਲੀ ਹੈ ਬਹੁਤ ਪਛੇਤ
ਅਜੇ ਵੀ ਵੇਲਾ ਹੈ ਤੂੰ ਸਮਝ
ਫੜ ਸਮੇਂ ਦੀ ਵਾਗ
ਜਾਗ ਪੰਜਾਬ ਤੂੰ ਜਾਗ             (ਕੁਲਵੰਤ ਔਜਲਾ)
ਤਾਰਿਆਂ ਦੀ ਲੋਅ ਵਿਚੋਂ
ਜ਼ਿੰਦਗੀ ਦੇ ਅਰਥਾਂ ਨੂੰ
ਦੀਵਾ ਜਦ ਭਾਲਦਾ
ਬਣਕੇ ਸੂਰਜ ਜਦੋਂ
ਚੰਦ ਨੂੰ ਅਰਗ ਲਾਇਆ
ਤਦ ਸਫ਼ਰ ਹੋਇਆ ਕਮਾਲ ਦਾ।
ਚਾਨਮ ਦੀ ਰੁੱਤ
ਜੇ ਚਿਤਕਬਰੀ ਬਣੀ

ਤਾਂ ਦੋਸ਼ ਦੀ ਮਸ਼ਾਲ ਦਾ।            (ਜਗਰਾਜ ਬੋਲਾਂ)

ਉਪਰੋਕਤ ਕਾਵਿ-ਮੰਤਵ ਦੀ ਪਹਿਚਾਣ ਕਰਦਿਆਂ ਇਸ ਕਾਵਿ ਸੰਗ੍ਰਹਿ ਦੇ ਕਵੀ ਇਕ ਅਜਿਹੇ ਇੱਛਤ ਸਮਾਜ ਦੀ ਸਥਾਪਤਨਾ ਦੀ ਕਲਪਨਾ ਕਰਦੇ ਹਨ ਜੋ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਤੋਂ ਮੁਕਤ ਹੋਵੇ ਅਤੇ ਕਿਰਤ ਪੂੰਜੀ ਦੇ ਦੈਂਤ ਤੋਂ ਅਜ਼ਾਦ ਸਿਰਜਨਾਤਮਿਕ ਸ਼ਕਤੀ ਦੀ ਮਾਲਕ ਹੋਵੇ। ਇਹ ਇਨ੍ਹਾਂ ਕਵੀਆਂ ਦੀ ਕਈ ਆਵੇਸ਼ੀ ਉਤੇਜਨਾ ਨਹੀਂ ਸਗੋਂ ਯੋਨਾ ਬੱਧ ਪ੍ਰਵੇਸੀ ਮਾਨਵ ਅਤੇ ਕੁਦਰਤ ਦੇ ਸਾਪੇਖਕ ਸੰਬੰਧਾਂ ਦੀ ਜਾਮਨ ਹੈ। ਇਸ ਤਰ੍ਹਾਂ ਦੀ ਸੰਘਰਸ਼ੀ ਜੀਵਨ ਧਾਰਾ ਵਿਚ ਉਤਰਾ-ਚੜ੍ਹਾ ਹੁੰਦਾ ਰਹਿੰਦਾ ਹੈ। ਲੋਕ-ਹੇਕ ਅਤੇ ਹਾਕ ਦੀ ਇਹ ਕਵਿਤਾ ਕੇਵਲ ਕੰਧਾਂ ਦੀਆਂ ਦੀਵਾਰਾਂ ਤੱਕ ਸੀਮਤ ਨਹੀਂ ਸਗੋਂ ਸੱਥ ਦੀ ਭਾਵਨਾ ਦੀ ਤਰਜਮਨਾਨੀ ਕਰਦੀ ਹੈ।

ਸਾਨੂੰ ਸਜਰੀ ਸਵੇਰ ਦੀ ਨੁਹਾਰ ਚਾਹੀਦੀ।
ਸੋਚ ਉਡਣੀ ਬਨੇਰਿਆਂ ਤੋਂ ਪਾਰ ਚਾਹੀਦੀ।
ਦਸੇ ਰੌਸ਼ਨੀ ਦੀ ਪੈੜ ਉਹ ਕਿਤਾਬ ਚਾਹੀਦਾ।
ਉਠੇ ਜਿਹੜੀ ਹੱਕ ਵਾਸਤੇ ਵੰਗਾਰ ਚਾਹੀਦੀ।

(ਹਰਭਜਨ ਸਿੰਘ ਹੁੰਦਲ)

ਜਿਹੜੇ ਗੀਤ ਵਾਰ ਸੂਰਮੇ ਦੀ ਗਾਉਂਦੇ ਨਾ
ਠਰੇ ਹੋਏ ਖ਼ੂਨ ਤਾਈਂ ਗਰਮਾਉਂਦੇ ਨਾ
ਉਹ ਗੀਤ ਮੈਥੋਂ ਗਾਏ ਨਹੀਂ ਜਾਣੇ
ਉਹ ਬੁੱਲਾਂ ਨਾਲ ਲਾਏ ਨਹੀਂ ਜਾਵੇ

(ਹਾਕਮ ਰੂੜੇ ਕੇ)

ਜਦੋਂ ਤੱਕ ਭੋਲੂ ਲਈ ਉਸ ਦੇ ਗਲ 'ਚ ਕਸੀਰ ਬਾਕੀ ਹੈ
ਮੈਂ ਹਾਰਾਂਗਾ ਨਹੀਂ ਮੇਰੇ ਕੋਲ ਵੀ ਅਜੇ ਤੀਕ ਬਾਕੀ ਹੈ
ਵਿਦਵਾਨੀ ਉਦੋਂ ਤੀਕ ਮਹਿਲਾਂ ਦੀ ਬਰਦੀ ਹੈ
ਜਦੋਂ ਤੱਕ ਮਾਰਨਾ ਅਜੇ ਸ਼ਮੀਰ ਬਾਕੀ ਹੈ।

(ਸੰਤੋਖ ਸਿੰਘ ਸੁਖੀ)ਜ

ਹਾਰ ਦਾ ਅਰਥ ਇਹ ਨਹੀਂ ਹੁੰਦਾ
ਕਿ ਅਸੀਂ ਲੜਨਾ ਛੱਡ ਦਈਏ
ਕਮਾਨ ਸੁਟ ਦਈਏ
ਹਾਰ ਦਾ ਅਰਥ ਹੁੰਦਾ ਹੈ
ਨਿਸ਼ਚਾ ਬਿੰਨਣ ਦੀ ਅਜੇ ਹੋਰ



ਜਾਂਚ ਸਿਖਣੀ ਹੈ।            (ਕੇ. ਸਾਧੂ ਸਿੰਘ)

ਜਨਵਾਦੀ ਕਾਵਿ ਦੇ ਰਚਨਹਾਰਿਆਂ ਲਈ ਸੰਭਾਵੀ ਸੰਭਵ ਅਤੇ ਕਾਲਪਨਿਕ ਮਨੁੱਖ ਹਿਤੂ ਸਿੱਟਿਆਂ ਦੀ ਉਡੀਕ ਕਰਦਿਆਂ ਮਾਨਵੀ ਨੈਤਿਕਤਾ ਦੀ ਡੋਰ ਨਹੀਂ ਛੱਡਣੀ ਚਾਹੀਦੀ ਕਿਉਂਕਿ ਜਨਵਾਦ ਦਾ ਕੱਟੜ ਵਿਰੋਧ ਆਪਣੇ ਕਲਾਸੀਕਲ ਰੂਪ ਨੂੰ ਬੜੀ ਚਤਾਕੀ ਨਾਲ ਛਪਾ ਕੇ ਬਿਜਲੀਈ ਅਤੇ ਮਸ਼ੀਨੀ ਸਧਾਨਾਂ ਰਾਹੀਂ ਵਿਸ਼ਵ ਮੰਡੀ ਉਤੇ ਕਾਬਜ ਹੋ ਚੁੱਕਿਆ ਹੈ ਅਤੇ ਮਛੋਪਲੇ ਹੀ ਮਾਨਵੀ ਸਿਰਜਨਾਤਮਕ ਸ਼ਕਤੀ ਨੂੰ ਨਿਘਲ ਗਿਆ ਹੈ।

ਸੋਚਾਂ ਗਵਾਕੇ ਸੁੱਚੀਆਂ ਕਿਰਦਾਰ ਨੀਵੇਂ ਹੋ ਗਏ
ਗੁੰਬਦ ਤਾਂ ਉੱਚੇ ਹੋ ਗਏ ਪਰ ਦੁਆਰ ਨੀਵੇਂ ਹੋ ਗਏ।
ਬੰਦਾ ਵਿਚਾਰਾ ਹੋ ਗਿਆ ਪੂੰਜੀ ਦੇ ਦੈਂਤ ਸਾਹਮਣੇ
ਮੰਡੀ ਦੀ ਵਸਤ ਬਣ ਗਿਆ ਜਦ ਮਿਆਰ ਨੀਵੇਂ ਹੋ ਗਏ।

(ਪਵਨ ਹਰਚੰਦਪੁਰੀ)

ਬਾਪੂ ਮੰਡਿਓਂ ਨਹੀਂ ਮੁੜਿਆ
ਮੰਡੀ ਉਹਨੂੰ ਖਾ ਗਈ।
ਪੁੱਤ ਬੀਆ ਪੜ੍ਹਕੇ ਵੀ
ਬਲਦਾਂ ਦੀਆਂ ਪੂੰਛਾਂ ਮਰੋੜਦਾ।
ਟਰੈਕਟਰ ਅੱਧਾ ਬਾਪੂ ਦਾ ਹੰਗਾਮਾ ਖਾ ਗਿਆ
ਤੇ ਰਹਿੰਦਾ ਖਾ ਗਈਆਂ ਬੈਂਕਾਂ ਦੀਆਂ ਕਿਸ਼ਤਾਂ
ਉਹ ਕੌਣ ਹੈ ਜੋ ਡੌਰ ਭੌਰ ਹੋਇਆ
ਲੇਬਰ ਚੌਂਕ 'ਚ ਬੁੱਤ ਬਣ ਗਿਆ।

ਭੁਪਿੰਦਰ

ਮੇਰੀ ਜਗਿਆਸਾ ਹੈ ਕਿ ਜਨਵਾਦੀ-ਕਾਵਿ ਬੜੀ ਗੰਭੀਰਤਾ ਨਾਲ ਸੋਚੇ ਕਿ ਭੁਪਿੰਦਰ ਦਾ ਬਾਪੂ ਮੰਡੀਓਂ ਕਿਉਂ ਨਹੀਂ ਮੁੜਿਆ? ਪਵਨ ਹਰਚੰਦਪੁਰੀ ਦਾ ਮੰਡੀ ਦੀ ਵਸਤ ਬਣਿਆ ਬੰਦਾ ਪੂੰਜੀ ਦੇ ਦੈਂਤ ਨੇ ਕਿਵੇਂ ਨਿਘਲ ਲਿਆ? 'ਜਨਵਾਦੀ ਕਾਵਿ ਸੁਰਾਂ' ਪੁਸਤਕ ਦਾ ਮਹੱਤਵ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਦੇ ਯਤਨ ਵਜੋਂ ਪਹਿਚਾਣਿਆ ਜਾਣਾ ਚਾਹੀਦਾ ਹੈ।

◆◆◆

# ਸੋਸ਼ਲ- ਮੀਡੀਆ : ਵਰ ਜਾਂ ਸਰਾਪ

*ਨਿਸ਼ਾਨ ਸਿੰਘ ਰਾਠੌਰ (ਡਾ.)*



ਅਜੋਕਾ ਯੁਗ ਤਕਨੀਕ ਦਾ ਯੁਗ ਹੈ। ਹਰ ਪਾਸੇ ਵਿਗਿਆਨਕ ਕਾਢਾਂ ਦੀ ਝੰਡੀ ਹੈ। ਖ਼ਾਸ ਗੱਲ ਇਹ ਹੈ ਕਿ ਅੱਜ ਦੇ ਸਮੇਂ ਵਿਚ ਵਿਗਿਆਨਕ ਕਾਢਾਂ ਤੋਂ ਬਿਨਾਂ ਮਨੁੱਖੀ ਜੀਵਨ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਮਨੁੱਖ ਦਾ ਜੀਵਨ ਇਹਨਾਂ ਵਿਗਿਆਨਕ ਕਾਢਾਂ ਉੱਪਰ ਨਿਰਭਰ ਹੋ ਗਿਆ ਹੈ। ਇਹਨਾਂ ਕਾਢਾਂ ਵਿੱਚੋਂ ਹੀ ਇੱਕ ਕਾਢ ਹੈ ਮੋਬਾਈਲ। ਮੋਬਾਈਲ ਤੋਂ ਬਾਅਦ ਇੰਟਰਨੈੱਟ ਅਤੇ ਇੰਟਰਨੈੱਟ ਤੋਂ ਮਗਰੋਂ ਸੋਸ਼ਲ- ਮੀਡੀਆ। ਸੋਸ਼ਲ- ਮੀਡੀਆ ਦਾ ਪ੍ਰਯੋਗ ਕਰਨਾ ਅੱਜ ਦੇ ਵਕਤ ਵਿਚ ਹਰ ਮਨੁੱਖ ਲਈ ਲਾਜ਼ਮੀ ਹੋ ਗਿਆ ਹੈ। ਸ਼ਾਇਦ ਇਸੇ ਕਰਕੇ ਨਿੱਕੇ ਜੁਆਕਾਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਭ ਸੋਸ਼ਲ- ਮੀਡੀਆ ਦੀ ਵਰਤੋਂ ਕਰਦੇ ਆਮ ਹੀ ਦੇਖੇ ਜਾ ਸਕਦੇ ਹਨ। ਇੱਕ ਹੱਦ ਤੱਕ ਇਹ ਕਾਰਜ ਵਰਦਾਨ ਦਾ ਰੂਪ ਲੱਗਦਾ ਹੈ ਪਰ ਹੱਦੋਂ ਵੱਧ ਇਹ 'ਵਰਦਾਨ' ਵੀ ਸਰਾਪ ਦਾ ਰੂਪ ਧਾਰਨ ਕਰਨ ਲੱਗਦਾ ਹੈ। ਸਾਡੇ ਹੱਥਲੇ ਲੇਖ ਦਾ ਮੂਲ ਮਨੋਰਥ ਸੋਸ਼ਲ- ਮੀਡੀਆ ਦੇ ਨਫ਼ੇ ਅਤੇ ਨੁਕਸਾਨ ਦੀ ਗੱਲ ਕਰਨਾ ਹੈ। ਇਸ ਲਈ ਲੇਖ ਦੀ ਸੰਖੇਪਤਾ ਨੂੰ ਦੇਖਦਿਆਂ ਵਿਚਾਰ- ਚਰਚਾ ਨੂੰ ਸੰਖੇਪ ਸ਼ਬਦਾਂ ਵਿਚ ਬਿਆਨ ਕੀਤਾ ਜਾਵੇਗਾ ਤਾਂ ਕਿ ਲੇਖ ਨੂੰ ਸਹੀ ਆਕਾਰ ਵਿਚ ਸਮਾਪਤ ਕੀਤਾ ਜਾ ਸਕੇ।

ਸੋਸ਼ਲ- ਮੀਡੀਆ ਰਾਹੀਂ ਇੱਕੋ ਸਮੇਂ ਬਹੁਤ ਸਾਰੇ ਲੋਕਾਂ ਨਾਲ ਸੰਪਰਕ ਸਥਾਪਿਤ ਕੀਤਾ ਜਾ ਸਕਦਾ ਹੈ। ਸਮੁੱਚੀ ਦੁਨੀਆਂ ਵਿਚ ਰਹਿੰਦੇ ਲੋਕਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ/ ਸਮੁੱਚੀ ਦੁਨੀਆਂ ਦੀਆਂ ਖ਼ਬਰਾਂ ਤੋਂ ਜਾਣੂ ਹੋਇਆ ਜਾ ਸਕਦਾ ਹੈ। ਸੋਸ਼ਲ- ਮੀਡੀਆ ਹੀ ਇੱਕ ਅਜਿਹਾ ਜ਼ਰੀਆ ਹੈ ਜਿਸ ਦੁਆਰਾ ਆਪਣੀ ਆਵਾਜ਼ ਨੂੰ ਦੂਜੇ ਲੋਕਾਂ ਤੱਕ ਆਸਾਨੀ ਨਾਲ ਪਹੁੰਚਾਇਆ ਜਾ ਸਕਦਾ ਹੈ। ਅੱਜ ਕੱਲ ਦੇਖਣ ਵਿਚ ਆ ਰਿਹਾ ਹੈ ਕਿ ਬਹੁਤ ਸਾਰੇ ਲੋਕ ਆਪਣੇ ਕਾਰੋਬਾਰ ਨੂੰ ਸੋਸ਼ਲ- ਮੀਡੀਆ ਦੇ ਰਾਹੀਂ ਪ੍ਰਚਾਰਿਤ ਕਰਦੇ ਹਨ/ ਪ੍ਰਫੁਲਿਤ ਕਰਦੇ ਹਨ। ਅੱਜ ਦੇ ਜ਼ਮਾਨੇ ਵਿਚ ਲੋਕਾਂ ਕੋਲ ਵਕਤ ਦੀ ਘਾਟ ਹੈ ਇਸ ਲਈ ਸੋਸ਼ਲ- ਮੀਡੀਆ ਦੇ ਰਾਹੀਂ ਇੱਕ- ਦੂਜੇ ਦੀ ਜਾਣਕਾਰੀ ਮਿਲਦੀ ਰਹਿੰਦੀ ਹੈ। ਖ਼ਾਸ ਗੱਲ ਇਹ ਹੈ ਕਿ ਅੱਜ ਦੇ ਦੌਰ ਵਿਚ ਇੱਕ- ਦੂਜੇ ਦੇ ਸੁੱਖ- ਦੁੱਖ ਦੀ ਜਾਣਕਾਰੀ ਵੀ ਸੋਸ਼ਲ- ਮੀਡੀਏ ਦੇ ਜ਼ਰੀਏ ਹੀ ਮਿਲ ਜਾਂਦੀ ਹੈ। ਵਤਨੋਂ ਦੂਰ ਗਏ ਪਿਆਰਿਆਂ ਦੀ ਖ਼ੈਰ- ਸੁਖ ਵੀ ਇਸ 'ਵਰਦਾਨ' ਦੇ ਰਾਹੀਂ ਬਹੁਤ ਆਸਾਨੀ ਨਾਲ ਪ੍ਰਾਪਤ ਹੋ ਜਾਂਦੀ ਹੈ। ਕਿਸੇ ਬੰਦੇ



ਕੋਲ ਜੇਕਰ ਕੋਈ ਖ਼ਾਸ ਗੁਣ ਹੈ; ਜਿਵੇਂ ਗਾਉਣਾ, ਗੀਤਕਾਰੀ, ਪੇਂਟਿੰਗ, ਕਵਿਤਾ ਅਤੇ ਹੋਰ ਕੋਈ ਰੱਬੀ ਸੁਗਾਤ ਤਾਂ ਉਹ ਸੋਸ਼ਲ- ਮੀਡੀਏ ਰਾਹੀਂ ਆਪਣੀ ਆਵਾਜ਼ ਨੂੰ ਸਮੁੱਚੀ ਦੁਨੀਆਂ ਦੇ ਲੋਕਾਂ ਤੱਕ ਪਹੁੰਚਾ ਸਕਦਾ ਹੈ। ਸੋਸ਼ਲ- ਮੀਡੀਆ ਆਮ ਲੋਕਾਂ ਲਈ ਬਹੁਤ ਵੱਡਾ 'ਮੰਚ' ਬਣ ਕੇ ਉੱਭਰਿਆ ਹੈ ਜਿਸ ਦੇ ਰਾਹੀਂ ਆਮ ਗ਼ਰੀਬ ਲੋਕਾਂ ਨੂੰ ਮੌਕਾ ਮਿਲ ਸਕਦਾ ਹੈ। ਲੰਘੇ ਸਮੇਂ ਬਹੁਤ ਸਾਰੀਆਂ ਅਜਿਹੀਆਂ ਮਿਸਾਲਾਂ ਦੇਖਣ ਨੂੰ ਮਿਲੀਆਂ ਹਨ ਜਿਹਨਾਂ ਵਿਚ ਕੋਈ ਬੰਦਾ ਰਾਤੋ- ਰਾਤ ਦੁਨੀਆਂ ਦੀ ਨਜ਼ਰਾਂ ਵਿਚ ਸਟਾਰ ਬਣ ਕੇ ਉੱਭਰਿਆ ਹੈ। ਇਹ ਸਭ ਸੋਸ਼ਲ- ਮੀਡੀਆ ਕਰਕੇ ਹੀ ਸੰਭਵ ਹੋਇਆ ਹੈ।

ਸੋਸ਼ਲ- ਮੀਡੀਆ ਜਿੱਥੇ ਮਨੁੱਖ ਨੂੰ ਸਹੂਲਤ ਦੇਣ ਲਈ ਆਪਣੀ ਜ਼ਿੰਮੇਵਾਰੀ ਬਹੁਤ ਵਧੀਆ ਢੰਗ ਨਾਲ ਨਿਭਾ ਰਿਹਾ ਹੈ ਉੱਥੇ ਮਨੁੱਖ ਦੀ ਅਣਗਹਿਲੀ ਕਰਕੇ ਇਹ ਇੱਕ ਸਰਾਪ ਦਾ ਰੂਪ ਵੀ ਧਾਰਨ ਕਰਦਾ ਜਾ ਰਿਹਾ ਹੈ। ਇੰਟਰਨੈੱਟ ਦੀ ਹੱਦੋਂ ਵੱਧ ਵਰਤੋਂ ਨੇ ਮਨੁੱਖ ਨਾਲੋਂ ਮਨੁੱਖ ਨੂੰ ਤੋੜ ਕੇ ਰੱਖ ਦਿੱਤਾ ਹੈ। ਮਨੁੱਖ ਇਕਲਾਪੇ ਦਾ ਸ਼ਿਕਾਰ ਹੋ ਗਿਆ ਹੈ। ਨਿੱਕੇ ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦੇ ਲੋਕਾਂ ਤੱਕ ਇਸਦੇ ਵੱਸ ਵਿਚ ਹਨ/ ਪ੍ਰਭਾਵ ਵਿਚ ਹਨ। ਸੋਸ਼ਲ- ਮੀਡੀਆ ਦੀ ਦੁਰਵਰਤੋਂ ਕਰਕੇ ਦੇਸ਼ ਦੀ ਸੁਰੱਖਿਆ ਨਾਲ ਜੁੜੇ ਕਈ ਦਸਤਾਵੇਜ਼ ਲੀਕ ਕੀਤੇ ਜਾ ਚੁਕੇ ਹਨ। ਦੁਸ਼ਮਣ ਮੁਲਕਾਂ ਦੇ ਖੁਫ਼ੀਆਂ ਅਫ਼ਸਰ ਸੋਸ਼ਲ- ਮੀਡੀਏ ਦੇ ਰਾਹੀਂ ਨੌਜਵਾਨਾਂ ਨੂੰ ਆਪਣੇ ਜਾਲ਼ ਵਿਚ ਫਸਾਉਂਦੇ ਹਨ ਅਤੇ ਦੇਸ਼ ਦੀਆਂ ਖੁਫ਼ੀਆਂ ਜਾਣਕਾਰੀਆਂ ਹਾਸਿਲ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਹਨ। ਕਈ ਵਾਰ ਭੋਲੇ- ਭਾਲੇ ਨੌਜਵਾਨ ਇਹਨਾਂ ਦੀਆਂ ਚਾਲਾਂ ਦਾ ਸ਼ਿਕਾਰ ਹੋ ਜਾਂਦੇ ਹਨ।

ਸੋਸ਼ਲ- ਮੀਡੀਆ ਉੱਪਰ ਸਰਗਰਮ ਲੋਕ ਸਰੀਰਕ ਕੰਮਾਂ ਨੂੰ ਲਗਭਗ ਭੁੱਲ ਹੀ ਜਾਂਦੇ ਹਨ। ਉਹ ਲੋਕ ਦਿਨ- ਰਾਤ ਮੋਬਾਈਲ ਦੀ ਟੱਚ ਉੱਪਰ ਆਪਣੇ ਸਮੇਂ ਨੂੰ ਬਤੀਤ ਕਰਦੇ ਹਨ। ਇਸ ਕਰਕੇ ਕਈ ਪ੍ਰਕਾਰ ਦੀਆਂ ਬੀਮਾਰੀਆਂ ਨੇ ਅਜਿਹੇ ਲੋਕਾਂ ਨੂੰ ਘੇਰਾ ਪਾ ਗਿਆ ਹੈ। ਅੱਖਾਂ ਦੀ ਨਿਗਾਹ ਕਮਜ਼ੋਰ ਹੋ ਗਈ ਹੈ, ਮੋਟਾਪੇ ਦੇ ਸ਼ਿਕਾਰ ਹੋ ਗਏ ਹਨ ਅਤੇ ਇਕਲਾਪੇ ਕਰਕੇ ਮਾਨਸਿਕ ਰੋਗੀ ਵੀ ਬਣਦੇ ਜਾ ਰਹੇ ਹਨ। ਅੱਜ ਕੱਲ ਖੁਦਕੁਸ਼ੀਆਂ ਦਾ ਰੁਝਾਨ ਬਹੁਤ ਵੱਧ ਗਿਆ ਹੈ। ਮਾਨਸਿਕ ਰੋਗੀਆਂ ਦੀ ਗਿਣਤੀ ਦਿਨੋਂ- ਦਿਨ ਵੱਧਦੀ ਜਾ ਰਹੀ ਹੈ। ਇਹਨਾਂ ਦਾ ਮੂਲ ਕਾਰਨ ਹੈ 'ਸੋਸ਼ਲ- ਮੀਡੀਆ ਦੀ ਹੱਦੋਂ ਵੱਧ ਵਰਤੋਂ' ਮਨੁੱਖ ਦੇ ਕੋਲ ਆਪਣੇ ਦੁੱਖ- ਸੁੱਖ ਨੂੰ ਦੱਸਣ ਲਈ ਵਕਤ ਹੀ ਨਹੀਂ ਹੈ। ਇਸ ਲਈ ਉਹ ਪੂਰਾ ਦਿਨ ਇੰਟਰਨੈੱਟ ਦੀ ਦੁਨੀਆਂ ਵਿਚ ਗੁਆਚਿਆ ਰਹਿੰਦਾ ਹੈ। ਇਸ ਕਰਕੇ ਉਹ ਆਪਣੇ ਆਸ- ਪਾਸ ਦੀ ਅਸਲ ਦੁਨੀਆਂ ਤੋਂ ਟੁੱਟ ਜਾਂਦਾ ਹੈ ਅਤੇ ਕਲਪਣਾ ਦੇ ਸੰਸਾਰ ਵਿਚ ਗੁਆਚ ਜਾਂਦਾ ਹੈ। ਇਸ ਕਲਪਣਾ ਦੇ ਸੰਸਾਰ ਕਰਕੇ ਉਹ ਕਈ ਤਰ੍ਹਾਂ ਦੀ ਬੀਮਾਰੀਆ ਦਾ ਸ਼ਿਕਾਰ ਹੋ ਜਾਂਦਾ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਨਿੱਕੇ ਬੱਚੇ ਵੀ ਖੁਦਕੁਸ਼ੀ ਵਰਗੇ ਸਖ਼ਤ ਕਦਮ ਚੁੱਕ ਲੈਂਦੇ ਹਨ। ਅੱਜ ਕੱਲ ਅਖ਼ਬਾਰਾਂ ਵਿਚ ਆਮ ਹੀ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ ਕਿ

ਦੱਸਵੀਂ ਦੇ ਇਮਤਿਹਾਨ ਵਿਚੋਂ ਫੇਲ ਹੋਏ ਵਿਦਿਆਰਥੀ ਨੇ ਆਤਮ- ਹੱਤਿਆ ਕਰ ਲਈ। ਅਸਲ ਵਿਚ ਉਹ ਵਿਦਿਆਰਥੀ ਜਾਂ ਉਸ ਵਿਦਿਆਰਥੀ ਦੇ ਮਾਂ- ਬਾਪ ਇੰਟਰਨੈੱਟ ਦੀ ਦੁਨੀਆਂ ਵਿਚ ਅਜਿਹੇ ਗੁਆਚੇ ਹੁੰਦੇ ਹਨ ਕਿ ਉਹ ਆਪਣੇ ਬੱਚੇ ਦੀਆਂ ਤੰਗੀਆਂ- ਖੂਬੀਆਂ ਨੂੰ ਦੇਖ ਹੀ ਨਹੀਂ ਪਾਉਂਦੇ। ਦੂਜੇ ਪਾਸੇ ਬੱਚਾ ਵੀ ਇੰਟਰਨੈੱਟ ਦੇ ਜਾਲ਼ ਵਿਚ ਫੱਸਿਆ ਹੁੰਦਾ ਹੈ ਉਹ ਆਪਣੀ ਮਨੋ- ਸਥਿਤੀ ਨੂੰ ਆਪਣੇ ਮਾਪਿਆਂ ਸਾਹਮਣੇ ਬਿਆਨ ਹੀ ਨਹੀਂ ਕਰ ਪਾਉਂਦਾ। ਇਸ ਦੇ ਨਤੀਜੇ ਵੱਜੋਂ ਆਤਮ- ਹੱਤਿਆ ਵਰਗੀ ਘਟਨਾ ਵਾਪਰ ਜਾਂਦੀ ਹੈ। ਇਹ ਬਹੁਤ ਮੰਦਭਾਗਾ ਰੁਝਾਨ ਹੈ। ਇਸ ਤੋਂ ਬਚਣ ਦੀ ਲੋੜ ਹੈ।

ਸੋਸ਼ਲ- ਮੀਡੀਆ ਦੇ ਮੰਦੇ ਪ੍ਰਭਾਵਾਂ ਤੋਂ ਬਚਣ ਲਈ ਇਸਦਾ ਪ੍ਰਯੋਗ ਸੀਮਤ ਸਮੇਂ ਲਈ ਕਰੋ ਭਾਵ ਦਿਨ ਵਿਚ ਕੁਝ ਵਕਤ ਮਿੱਥ ਲਓ ਕਿ ਇਸ ਸਮੇਂ ਦੇ ਦੌਰਾਨ ਹੀ ਸੋਸ਼ਲ- ਮੀਡੀਏ ਉੱਪਰ ਸਰਗਰਮ ਹੋਣਾ ਹੈ, ਬਾਕੀ ਪੂਰਾ ਦਿਨ ਆਪਣੇ ਪਰਿਵਾਰ ਨਾਲ ਸਮਾਂ ਬਿਤਾਓ। ਸੋਸ਼ਲ- ਮੀਡੀਏ ਉੱਪਰ ਵਾਧੂ ਦੀਆਂ ਕਾਰਵਾਈਆਂ ਤੋਂ ਬਚੋ ਭਾਵ ਜਿਹੜੀ ਚੀਜ਼ ਤੁਹਾਡੇ ਨਾਲ ਸੰਬੰਧਿਤ ਹੈ ਉਸ ਨੂੰ ਦੇਖੋ ਜਾਂ ਕਰੋ। ਵਾਧੂ ਦੀਆਂ ਚੀਜ਼ਾਂ ਉੱਪਰ ਆਪਣੇ ਧਿਆਨ ਨੂੰ ਕੇਂਦਰਿਤ ਨਾ ਕਰੋ। ਵਿਅਕਤੀਗਤ ਜਾਣਕਾਰੀ ਘੱਟ ਤੋਂ ਘੱਟ ਸਾਂਝੀ ਕਰੋ। ਆਪਣੇ ਬਾਰੇ, ਆਪਣੇ ਪਰਿਵਾਰ ਬਾਰੇ ਅਤੇ ਆਪਣੇ ਕਾਰੋਬਾਰ ਬਾਰੇ। ਸੋਸ਼ਲ- ਮੀਡੀਆ ਉੱਪਰ ਉੱਡਦੀਆਂ ਅਫ਼ਵਾਹਾਂ ਤੋਂ ਬਚੋ ਅਤੇ ਅਫ਼ਵਾਹਾਂ ਨੂੰ ਫੈਲਾਉਣ ਤੋਂ ਗੁਰੇਜ਼ ਕਰੋ। ਜਿਸ ਗੱਲ ਦਾ ਤੁਹਾਨੂੰ ਪੱਕਾ ਯਕੀਨ ਨਹੀਂ ਉਸ ਨੂੰ ਅੱਗੇ ਭੇਜਣ ਤੋਂ ਸੰਕੋਚ ਕਰੋ। ਕਈ ਵਾਰ ਬਹੁਤ ਸਾਰੀਆਂ ਝੂਠੀਆਂ ਖ਼ਬਰਾਂ ਵੀ ਲੋਕਾਂ ਨੂੰ ਗੁੰਮਰਾਹ ਕਰਨ ਲਈ ਫੈਲਾਈਆਂ ਜਾਂਦੀਆਂ ਹਨ ਤਾਂ ਕਿ ਸਮਾਜਿਕ ਮਾਹੌਲ ਨੂੰ ਵਿਗਾੜਿਆ ਜਾ ਸਕੇ। ਇਸ ਲਈ ਅਫ਼ਵਾਹਾਂ ਨੂੰ ਫੈਲਾਉਣ ਵਿਚ ਹਿੱਸੇਦਾਰ ਨਾ ਬਣੋ। ਇਸ ਤਰ੍ਹਾਂ ਉੱਪਰ ਕੀਤੀ ਗਈ ਵਿਚਾਰ- ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਸੀਮਤ ਸਮੇਂ ਲਈ ਕੀਤਾ ਗਿਆ ਸੋਸ਼ਲ- ਮੀਡੀਆ ਦਾ ਪ੍ਰਯੋਗ ਵਰਦਾਨ ਸਿੱਧ ਹੁੰਦਾ ਹੈ ਪਰ, ਹੱਦੋਂ ਵੱਧ ਕੇ ਇਸੇਤਿਮਾਲ ਸਰਾਪ ਦਾ ਰੂਪ ਧਾਰਨ ਕਰ ਜਾਂਦਾ ਹੈ। ਇਸ ਲਈ ਸੋਸ਼ਲ- ਮੀਡੀਆ ਦਾ ਪ੍ਰਯੋਗ ਕਰੋ ਪਰ, ਸੀਮਤ ਸਮੇਂ ਲਈ ਲਈ ਜਾਂ ਸਮਾਂ ਮਿੱਥ ਕੇ। ਇਸ ਨਾਲ ਸੋਸ਼ਲ- ਮੀਡੀਆ ਵਰਦਾਨ ਸਿੱਧ ਹੋਵੇਗਾ।

# 1054/1, ਵਾ. ਨੰ. 15-ਏ, ਭਗਵਾਨ ਨਗਰ ਕਾਲੋਨੀ, ਪਿੱਪਲੀ, ਕੁਰੂਕਸ਼ੇਤਰ।
ਸੰਪਰਕ : 75892- 33437

◆◆◆



# ਮੁਲਾਕਾਤ

## ਕਿਸ ਪੱਤਣ ਤੋਂ ਪਾਣੀ ਪੀਵਾਂ ......!

## ਡਾ. ਧਰਮ ਚੰਦ ਵਾਤਿਸ਼

*ਮੁਲਾਕਾਤੀ-ਜਸਵੀਰ ਰਾਣਾ*



ਡਾ. ਧਰਮ ਚੰਦ ਵਾਤਿਸ਼ ਪੰਜਾਬੀ ਦਾ ਪ੍ਰਬੁੱਧ ਆਲੋਚਕ ਹੈ। ਉਹ ਮਾਲੇਰਕੋਟਲਾ ਦੇ ਗਰੇਵਾਲ ਚੌਂਕ ਕੋਲ ਅਜੀਤ ਨਗਰ ਵਿਚ ਰਹਿੰਦਾ ਹੈ। ਆਲੋਚਨਾ ਦੇ ਨਾਲ ਨਾਲ ਕਦੀ ਕਦੀ ਸ਼ਾਇਰੀ ਦੀ ਸਿਰਜਣਾ ਕਰਨ ਵਾਲਾ ਸ਼ਬਦਾਂ ਦਾ ਇਹ ਤਪੀਸਰ ਸਰਕਾਰੀ ਕਾਲਜ ਮਾਲੇਰਕੋਟਲਾ ਤੋਂ ਬਤੌਰ ਪੰਜਾਬੀ ਪ੍ਰੋਫੈਸਰ ਸੇਵਾ-ਮੁਕਤ ਹੋਇਆ ਹੈ। ਮੈਂ ਜਿੰਨੀ ਵਾਰ ਵੀ ਉਸ ਨੂੰ ਮਿਲਿਆ ਹਾਂ। ਉਹ ਜਿਸ ਸਿਆਣਪ ਅਪਣੱਤ ਤੇ ਬਜ਼ੁਰਗੀ ਨਾਲ ਮਿਲਿਆ, ਉਹ ਅੱਜ ਦੇ ਮਨੁੱਖੀ ਅਸਤਿਤਵ ਵਿਚੋਂ ਤੇਜ਼ੀ ਨਾਲ ਕਿਰਦੀ ਜਾ ਰਹੀ ਹੈ। ਪਰ ਉਹ ਮਨੁੱਖੀ ਵਿਵਹਾਰ ਦੀਆਂ ਇਨ੍ਹਾਂ ਮੁੱਲਵਾਨ ਸ਼ੈਆਂ ਨੂੰ ਆਪਣੇ ਅੰਦਰ ਸੰਭਾਲੀ ਬੈਠਾ ਹੈ। ਮੈਂ ਜਦੋਂ ਵੀ ਉਸ ਕੋਲ ਜਾਂਦਾ ਬੈਠਦਾ ਹਾਂ। ਉਹ ਸਾਹਿਤ, ਸਿਰਜਣਾ ਤੇ ਕਿਤਾਬਾਂ ਦੀਆਂ ਗੱਲਾਂ ਛੋਹ ਲੈਂਦਾ ਹੈ। ਉਸ ਦੀ ਹਰ ਗੱਲ ਵਿਚ ਅੱਖਰ ਛੋਹ ਹੁੰਦੀ ਹੈ। ਉਸ ਦੀਆਂ ਅੱਖਾਂ ਵਿਚ ਨਵੇਂ ਦਿਸਹੱਦਿਆਂ ਦੀ ਤਲਾਸ਼ ਹੁੰਦੀ ਹੈ। ਉਹ ਜਦੋਂ ਬੋਲਦਾ ਹੈ ਸੰਭਲ-ਸੰਭਲ ਕੇ ਟਿਕਾ-ਟਿਕਾ ਕੇ ਸ਼ਬਦ, ਵਾਕ ਤੇ ਅਰਥ ਚਿਣਦਾ ਜਾਂਦਾ ਹੈ। ਉਸਦੀ ਚਿਣਾਈ ਵਿਚ ਉਸਦਾ ਡੂੰਘਾ ਸਾਹਿਤ ਅਧਿਐਨ ਲੁਕਿਆ ਹੁੰਦਾ ਹੈ। ਅੱਖਰਾਂ ਸ਼ਬਦਾਂ ਤੇ ਵਿਚਾਰਾਂ ਦਾ ਇਹ ਕਾਰੀਗਰ ਜਦੋਂ ਕਿਸੇ ਸਾਹਿਤਕ ਕ੍ਰਿਤ ਨੂੰ ਵਿਸ਼ਲੇਸ਼ਣ ਲਈ ਚੁਣਦਾ ਹੈ ਤਾਂ ਉਸ ਦੀ ਰੂਹ ਤੱਕ ਜਾ ਪਹੁੰਚਦਾ ਹੈ। ਉਹ ਉਮਰ, ਅਨੁਭਵ ਤੇ ਅਧਿਐਨ ਦੇ ਜਿਸ ਪੜਾਅ ਉਪਰ ਜਾ ਪਹੁੰਚਿਆ ਹੈ, ਉੱਥੇ ਪਹੁੰਚ ਕੇ ਉਸ ਨਾਲ ਗੱਲਾਂ ਕਰਨੀਆਂ ਆਪਣੇ ਅਸਤਿਵ ਨਾਲ ਸੰਵਾਦ ਰਚਾਉਣ ਵਰਗੀ ਗੱਲ ਹੈ। ਇਸ ਗੱਲ ਨੂੰ ਵਿਸਥਾਰ ਦੇਣ ਲਈ ਡਾ. ਧਰਮ ਚੰਦ ਵਾਤਿਸ਼ ਨਾਲ ਹੋਏ ਸਵਾਲਾਂ-ਜਵਾਬਾਂ ਦੀ ਲੜੀ ਤੁਹਾਡੀ ਨਜ਼ਰ-ਪੇਸ਼ ਹੈ : -

**ਸਵਾਲ** :1. ਡਾ. ਸਾਹਿਬ ! ਤੁਹਾਡੀਆਂ ਤਿੰਨ ਆਲੋਚਨਾ ਪੁਸਤਕਾਂ ਅਸਤਿਤਵਵਾਦ ਦੀ ਸਮਝ, ਅਸਤਿਤਵੀ ਤੇ ਅਸਤਿਤਵਵਾਦੀ ਆਲੋਚਨਾ ਸਿਧਾਂਤ ਤੇ ਵਿਹਾਰ ਮੇਰੇ ਸਾਹਮਣੇ ਹਨ। ਪਰ ਤੁਹਾਡੀ ਸਭ ਤੋਂ ਪਹਿਲੀ ਪੁਸਤਕ ਦੀ ਲਿਖਤ-ਪੜ੍ਹਤ ਤੇ ਛਪਣ ਦੀ ਗੱਲ ਉਨ੍ਹਾਂ ਸਮਿਆਂ ਦੀ ਹੈ ਜਦੋਂ ਮੈਂ ਬੱਚਾ ਸੀ। ਕ੍ਰਿਪਾ ਕਰਕੇ ਆਪਣੀਆਂ ਸਾਰੀਆਂ ਪੁਸਤਕਾਂ ਦੀ ਗੱਲ ਕਰਦੇ ਹੋਏ ਆਪਣੇ ਰਚਨਾ-ਸੰਸਾਰ ਨਾਲ ਸਾਡੀ ਸਾਂਝ ਪਵਾਓ ?

**ਜਵਾਬ** :- ਜਸਵੀਰ ਰਾਣਾ ਜੀ! ਬਿਲਕੁਲ ਸਹੀ ਗੱਲ ਹੈ। ਜਦੋਂ ਤੋਂ ਮੇਰੀ ਕਲਮ ਵਗਣ ਲੱਗੀ, ਉਦੋਂ ਤੁਸੀਂ ਬੱਚੇ ਸੀ। ਮੈਨੂੰ ਲਿਖਣ ਦਾ ਜਾਗ ਮੇਰੇ ਪੰਜਾਬੀ ਅਧਿਆਪਕ ਪੰ. ਦੁਆਰਕਾ ਦਾਸ ਕੌਸ਼ਿਕ ਰੁੜਕੀ ਕਲਾਂ (ਸੰਗਰੂਰ) ਵਾਲਿਆਂ ਨੇ ਲਾਇਆ। 1959 ਵਿੱਚ ਮੈਂ 14 ਵਰਿਆਂ ਦੀ ਆਯੂ ਵਿੱਚ ਉਨ੍ਹਾਂ ਦੀ ਪ੍ਰੇਰਨਾ ਨਾਲ ਆਲ ਇੰਡੀਆ ਰੇਡੀਓ ਜਲੰਧਰ ਨੂੰ ਇੱਕ ਕਵਿਤਾ 'ਇਹ ਹਿੰਮਤ ਦੀ ਕਾਰ ਬੇਲੀਆ' ਦੇ ਸਿਰਲੇਖ ਹੇਠ ਭੇਜੀ। ਇਹ ਸਿਰਲੇਖ ਰੇਡੀਓ ਵਾਲਿਆਂ ਵੱਲੋਂ ਵਿਦਿਆਰਥੀਆਂ ਲਈ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮ ਲਈ ਦਿੱਤਾ ਗਿਆ ਸੀ। ਕੌਸ਼ਿਕ ਜੀ ਨੇ ਹੀ ਮੇਰੇ ਵਿੱਚ ਮੌਲਿਕ ਚਿੰਤਨ ਦੀ ਸੋਚ ਪੈਦਾ ਕੀਤੀ। ਉਹ ਰਵਾਇਤੀ ਲੇਖ ਲਿਖਣ ਨੂੰ ਨਹੀਂ ਕਿਹਾ ਕਰਦੇ ਸਨ। ਸਕੂਲ ਵਿੱਚ ਬੂਟਿਆਂ ਦੀਆਂ ਕਿਆਰੀਆਂ ਨੂੰ ਪਾਣੀ ਆਉਂਦਾ ਵੇਖ ਕੇ ਉਹ ਪਾਣੀ 'ਤੇ ਲੇਖ ਲਿਖਣ ਕਹਿ ਲਈ ਦਿੰਦੇ। ਵਗਦੀ ਹੋਈ ਪੌਣ 'ਤੇ, ਅਕਾਸ਼ 'ਤੇ ਮਿੱਟੀ ਆਦਿ 'ਤੇ ਲਿਖਣ ਲਈ ਕਹਿ ਦਿੰਦੇ ਸਨ। ਇੰਝ ਕਲਪਨਾ ਉਡਾਣ ਭਰਿਆ ਕਰਦੀ ਸੀ। 1962 ਵਿੱਚ ਪੰਜਾਬੀ ਲਿਖਾਰੀ ਸਭਾ ਨਾਭਾ ਬਣੀ। ਉਸ ਸਭਾ ਵੱਲੋਂ ਪ੍ਰਕਾਸ਼ਿਤ 'ਪਿਆਰ ਪੰਘੂੜਾ' ਪੁਸਤਕ ਵਿੱਚ ਮੇਰੀਆਂ ਚਾਰ ਕਵਿਤਾਵਾਂ ਨੂੰ ਸਥਾਨ ਮਿਲਿਆ। ਅਜਮੇਰ ਦੀਵਾਨਾ ਤੋਂ ਬਾਅਦ ਮੈਨੂੰ ਉਸ ਸਭਾ ਦਾ ਪ੍ਰਧਾਨ ਵੀ ਬਣਾਇਆ ਗਿਆ। ਰੋਜ਼ਾਨਾ ਰਣਜੀਤ ਪਟਿਆਲਾ ਵੱਲੋਂ ਚੀਨ ਨਾਲ ਯੁੱਧ ਸਮੇਂ ਸਿਰਲੇਖ ਦੇ ਕੇ ਕਵੀਆਂ ਨੂੰ ਉਸ ਵਿਸ਼ੇ 'ਤੇ ਕਵਿਤਾਵਾਂ ਲਿਖਣ ਲਈ ਆਖਿਆ ਜਾਂਦਾ ਸੀ। ਉਦੋਂ, ਜਿੱਥੋਂ ਤੱਕ ਮੈਨੂੰ ਯਾਦ ਹੈ ਉਸ ਕਾਲਮ ਲਈ, ਸਿੱਧੂ ਦਮਦਮੀ ਅਤੇ ਐਸ. ਤਰਸੇਮ ਹੀ ਕਾਵਿ-ਟੁਕੜੀਆਂ ਲਿਖਿਆ ਕਰਦੇ ਸਨ। ਇਨ੍ਹਾਂ ਕਵਿਤਾਵਾਂ ਦਾ 'ਮੈਂ ਕਾਵਿ-ਰੂਪ' ਬੈਂਤ ਵਿੱਚ 6 ਪੰਕਤੀਆਂ ਦਾ ਹੁੰਦਾ ਸੀ। ਮੈਂ 27 ਮਈ 1965 ਨੂੰ ਬਰਨਾਲਾ ਵਿਖੇ ਪੰ. ਨਹਿਰੂ ਨੂੰ ਸ਼ਰਧਾਂਜਲੀ ਕਵਿਤਾ ਪੜ੍ਹੀ। ਬੱਸ ਫਿਰ ਚੱਲ ਸੋ ਚੱਲ। ਕਰਮ ਸਿੰਘ ਰਸੀਏ ਦੀ ਭਾਣਜੀ ਨੇ ਮੇਰੀ ਕਵਿਤਾ 'ਪਲੈਨੇ ਪੰਜ ਵਰ੍ਹੀਏ' ਰੇਡੀਓ ਸਟੇਸ਼ਨ ਜਲੰਧਰ ਤੋਂ ਪੜ੍ਹੀ। ਜੰਗ ਸਿੰਘ ਗਿੱਲ ਨੇ ਮੇਰਾ ਤਿਆਰ ਕਰਵਾਇਆ ਭਾਸ਼ਣ ਉਸੇ ਸਟੇਸ਼ਨ ਤੋਂ ਪੜ੍ਹਿਆ। ਅਨੇਕਾਂ ਸਮਕਾਲੀ ਮੈਗਜ਼ੀਨਾਂ 'ਚ ਕਵਿਤਾਵਾਂ ਛਪਣ ਲੱਗੀਆਂ। ਇੱਕ ਵੱਡੀ ਮੋਟੀ



ਡਾਇਰੀ ਭਰ ਗਈ। ਪਰ ਮੈਂ ਆਰਥਿਕ ਤੰਗੀ ਕਾਰਨ ਕੋਈ ਪੁਸਤਕ ਪ੍ਰਕਾਸ਼ਿਤ ਨਾ ਕਰ ਸਕਿਆ। ਜਦ ਮਾਲੇਰਕੋਟਲਾ ਵਿਖੇ ਪਿੰਡ ਦੁੱਗਰੀ (ਸੰਗਰੂਰ) ਨੂੰ ਛੱਡ ਕੇ ਸਿਫਟ ਕੀਤਾ ਤਾਂ ਉਹ ਡਾਇਰੀ ਸਾਮਾਨ ਵਿਚੋਂ ਹੀ ਗੁਆਚ ਗਈ। ਸਕੂਲ ਅਧਿਆਪਨ ਤੋਂ ਬਾਅਦ ਜਦ ਕਾਲਜ ਸਰਵਿਸ ਵਿੱਚ ਆਇਆ ਤਾਂ ਲਿਖਦਾ ਤਾਂ ਰਿਹਾ ਪਰ ਕੋਈ ਪੁਸਤਕ ਪ੍ਰਕਾਸ਼ਿਤ ਨਾ ਕਰ ਸਕਿਆ। 1990 ਵਿੱਚ ਸਰਕਾਰੀ ਕਾਲਜ ਮਾਲੇਰਕੋਟਲਾ ਵਿਖੇ ਪੰਜਾਬੀ ਵਿਭਾਗ ਦਾ ਮੁਖੀ ਬਣਿਆ ਤਾਂ ਐਮ.ਏ. ਪੰਜਾਬੀ ਚਾਲੂ ਕਰਵਾਈ। ਫਿਰ ਤਾਂ ਧਿਆਨ ਹੀ ਆਲੋਚਨਾਤਮਿਕ ਕਾਰਜ ਵੱਲ ਹੋ ਗਿਆ। ਸਾਥੀ ਲੈਕਚਰਾਰ ਸਾਹਿਬ ਦਾ ਪੂਰਨ ਸਹਿਯੋਗ ਮਿਲਿਆ। ਵਰਕਲੋਡ ਬਹੁਤ ਜ਼ਿਆਦਾ ਸੀ। ਫਿਰ ਵੀ 1990 ਤੋਂ 2003 ਤੱਕ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਨੇ 5 ਗੋਲਡ ਮੈਡਲ ਪ੍ਰਾਪਤ ਕੀਤੇ। ਕੁਰੂਕਸ਼ੇਤਰ ਯੂਨੀਵਰਸਿਟੀ 4-5 ਐਮ.ਫਿਲ ਦੇ ਵਿਦਿਆਰਥੀਆਂ ਦਾ ਖੋਜ ਨਿਗਰਾਨ ਵੀ ਰਿਹਾ। ਪੰਜਾਬੀ ਸਾਹਿਤ ਕੋਸ਼, ਭਾਈ ਵੀਰ ਸਿੰਘ ਸਾਹਿਤ ਕੋਸ਼ ਵਿੱਚ ਅਨੇਕਾਂ ਇੰਦਰਾਜ਼ ਸ਼ਾਮਲ ਹੋਏ। ਪ੍ਰਕਾਸ਼ਿਤ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ। ਸਿੱਖਾਂ ਦੀ ਭਗਤਮਾਲਾ (ਸੰਪਾਦਨ ਅਤੇ ਆਲੋਚਨਾ) 1979; ਸ਼ਮਸੇਰ ਸਿੰਘ ਅਸ਼ੋਕ ਜੀਵਨ ਤੇ ਰਚਨਾ (1999); ਸਵੈ-ਜੀਵਨੀ ਸ਼ਾਸਤਰ (1999), ਪੰਜਾਬੀ ਸਵੈਜੀਵਨੀ-ਨਿਕਟ ਅਧਿਐਨ (2000), ਕਿਨ ਵੱਟੀ ਸਚੁ ਤੁਲੈ (ਕਾਵਿ-ਸੰਗ੍ਰਹਿ) 2010, ਕਵਿਤਾ ਕਰਵਟ ਲੈਂਦੀ ਹੈ (ਕਾਵਿ-ਸੰਗ੍ਰਹਿ) 2013; ਦਾਮਿਨੀ (ਕਾਵਿ-ਸੰਗ੍ਰਹਿ) 2013; ਸੰਤ ਮਾੜੂ ਰਾਮ ਬਾਣੀ (ਅਪ੍ਰਾਕਸ਼ਿਤ) ਅਸਤਿਤਵਾਦੀ ਆਲੋਚਨਾ-ਸਿਧਾਂਤ ਅਤੇ ਵਿਹਾਰ (2014); ਅਸਤਿਤਵਵਾਦ ਦੀ ਸਮਝ (2017); ਅਸਤਿਤਵੀ (2017), ਇਸ ਤੋਂ ਬਿਨਾਂ ਅਜੀਤ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਨਜ਼ਰੀਆ, ਐੱਨ.ਬੀ.ਟੀ. ਪੱਤ੍ਰਿਕਾ ਆਦਿ ਵਿੱਚ ਕੁੱਲ ਮਿਲਾ ਕੇ ਲਗਭਗ 300 ਪੁਸਤਕਾਂ ਦਾ ਰਿਵੀਊ ਕਰ ਚੁੱਕਾ ਹਾਂ। ਇਹ ਕਾਰਜ ਨਿਰੰਤਰ ਜਾਰੀ ਹੈ। ਲਿਖਾਰੀ ਸਭਾ ਬਟਾਲਾ ਵਲੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਹਿਯੋਗ ਨਾਲ 5000/- ਦੀ ਰਾਸ਼ੀ ਨਾਲ, ਸਰਕਾਰੀ ਕਾਲਜ ਮਾਲੇਰਕੋਟਲਾ ਵੱਲੋਂ ਅਕਾਦਮਿਕ ਅਵਾਰਡ, ਐੱਸ.ਜੀ.ਟੀ.ਬੀ. ਕਾਲਜ ਸੇਹਕੇ (ਸੰਗਰੂਰ) ਵੱਲੋ ਲਾਈਫ਼ ਟਾਈਮ ਅਚੀਵਮੈਂਟ ਅਵਾਰਡ, ਪੰਜਾਬੀ ਸਾਹਿਤ ਸਭਾ ਸੇਖੋਂ, ਧੂਰੀ ਵੱਲੋਂ ਸਾਹਿਤ ਆਚਾਰਯ ਪੁਰਸਕਾਰ, ਅਨੈਕਾਂ ਹੋਰ ਸਭਾਵਾਂ ਸੰਸਥਾਵਾਂ ਵੱਲੋਂ ਸਮੇਂ ਸਮੇਂ ਪੁਰਸਕ੍ਰਿਤ ਹੁੰਦਾ ਰਿਹਾ ਹਾਂ।

**ਸਵਾਲ** 2. ਤੁਸੀਂ ਆਲੋਚਨਾਂ ਦੀਆਂ ਬਹੁਤ ਪ੍ਰਣਾਲੀਆਂ ਦਾ ਅਧਿਐਨ ਕੀਤਾ ਹੈ। ਇਸ ਅਧਿਐਨ ਵਿਚੋਂ ਸਾਹਿਤਕ ਕ੍ਰਿਤਾਂ ਦਾ ਵਿਸ਼ਲੇਸ਼ਣ ਕਰਨ ਲਈ ਤੁਸੀਂ ਅਸਤਿਤਵਵਾਦੀ ਆਲੋਚਨਾਂ ਪ੍ਰਣਾਲੀ ਨੂੰ ਹੀ ਕਿਉਂ ਚੁਣਿਆ ਹੈ ?

**ਜਵਾਬ**:- ਬੜਾ ਦਿਲਚਸਪ ਸਵਾਲ ਹੈ। ਦਰਅਸਲ ਗੌਰਮਿੰਟ ਕਾਲਜ ਮਲੇਰਕੋਟਲਾ ਦੇ ਪੰਜਾਬੀ ਵਿਭਾਗ ਦਾ ਮੁਖੀ ਹੋਣ ਸਮੇਂ (12 ਵਰ੍ਹੇ) ਮੇਰੇ ਪੜ੍ਹਾਉਣ ਕਾਰਜ ਦੇ ਹਿੱਸੇ ਦੋ ਵਿਸ਼ੇ ਪੱਕੇ ਤੌਰ 'ਤੇ ਆ ਗਏ। ਇੱਕ ਗੁਰਮਤਿ ਕਾਵਿ ਅਤੇ ਦੂਜਾ ਸਾਹਿਤਕ ਆਲੋਚਨਾ। ਇਸ ਲਈ ਮੇਰੀ ਭਾਰਤੀ ਅਤੇ ਪੱਛਮੀ ਆਲੋਚਨਾ ਪ੍ਰਣਾਲੀਆਂ ਦੇ ਅਧਿਐਨ ਦੀ ਰੁਚੀ ਵਧ ਗਈ। ਗੁਰਮਤਿ ਕਾਵਿ ਵਿੱਚ ਤਾਂ ਰੁਚੀ ਪਹਿਲਾਂ ਹੀ ਸੀ। ਇਹ ਵੀ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਐਮ.ਏ. ਅੰਗਰੇਜ਼ੀ ਕਰਨ ਤੋਂ ਬਾਅਦ ਹੀ ਐਮ.ਏ. ਪੰਜਾਬੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 1978 ਦੀ ਕਾਨਵੋਕੇਸ਼ਨ ਸਮੇਂ ਭਾਈ ਮੋਹਨ ਸਿੰਘ ਗੋਲਡ ਮੈਡਲ ਨਾਲ (ਫਸਟ ਕਲਾਸ ਫਸਟ) ਹੋਣ ਕਾਰਨ ਸਨਮਾਨਿਤ ਕੀਤਾ ਗਿਆ। ਭਾਰਤੀ ਸਮੀਖਿਆ ਪ੍ਰਣਾਲੀਆਂ ਦੇ ਨਾਲ ਨਾਲ ਪੱਛਮੀ ਆਲੋਚਨਾ ਪ੍ਰਣਾਲੀਆਂ ਤੋਂ ਮੈਂ ਬੇਹੱਦ ਪ੍ਰਭਾਵਿਤ ਹੁੰਦਾ ਗਿਆ। ਸੰਸਾਰ ਦੇ ਆਲੋਚਨਾਤਮਿਕ ਆਂਗਣ ਵਿੱਚ ਅਸਤਿਤਵਵਾਦੀ ਸਰੋਕਾਰਾਂ ਦੀ ਗੱਲ ਤਾਂ ਹਰ ਭਾਸ਼ਾ ਵਿੱਚ ਹੁੰਦੀ ਹੀ ਰਹਿੰਦੀ ਹੈ। ਬਹੁਤੇ ਵਿਦਵਾਨ ਅਸਤਿਤਵਵਾਦ ਨੂੰ ਐਬਸਰਡਵਾਦ ਤੱਕ ਸੀਮਿਤ ਰੱਖਣ ਵੱਲ ਰੁਚਿਤ ਵਿਖਾਈ ਦਿੰਦੇ ਰਹੇ। ਮੇਰੀ ਤੁੱਛ ਬੁੱਧੀ ਅਨੁਸਾਰ ਕਿਧਰੇ ਵੀ ਮੈਨੂੰ ਸੁਤੰਤਰ ਅਸਤਿਤਵਵਾਦੀ ਆਲੋਚਨਾ ਵਿਖਾਈ ਨਹੀਂ ਦਿੱਤੀ। ਵੀਹਵੀਂ ਸਦੀ ਦੇ ਦੋ ਹੀ ਪ੍ਰਮੁੱਖ ਦਰਸ਼ਨ ਹਨ। ਮਾਰਕਸਵਾਦ ਅਤੇ ਅਸਤਿਤਵਵਾਦ। ਮਾਰਕਸਵਾਦ ਬਾਰੇ ਤਾਂ ਲੋੜੀਂਦਾ ਅਧਿਐਨ ਪਹਿਲਾਂ ਹੀ ਕੀਤਾ ਹੋਇਆ ਸੀ। ਡਾ. ਰਵਿੰਦਰ ਰਵੀ ਦਾ ਵਿਚਾਰ ਹੈ ਕਿ ਕਿਸੇ ਵੀ ਸਿਧਾਂਤ ਨੂੰ ਸਵੀਕਾਰ/ਰੱਦ ਕਰਨ ਦਾ ਅਧਿਕਾਰ ਤਾਂ ਪਾਠਕ ਪਾਸ ਹੁੰਦਾ ਹੈ, ਪਰ ਪੜ੍ਹ ਕੇ। ਉਹ 'ਪਰ ਪੜ੍ਹਕੇ' 'ਤੇ ਜ਼ੋਰ ਦਿੰਦੇ ਸਨ। ਇਹੋ ਵਾਕੰਸ਼ ਮੈਨੂੰ ਅਸਤਿਤਵਵਾਦ ਦੇ ਡੂੰਘੇ ਅਧਿਐਨ ਵੱਲ ਪਰੇਰ ਗਿਆ। ਮੇਰਾ ਵਿਚਾਰ ਬਣ ਗਿਆ ਕਿ ਮਨੁੱਖ ਪਾਸ ਲੈ ਦੇ ਕੇ ਜੇ ਕੋਈ ਆਪਣੀ ਪੂੰਜੀ ਹੈ, ਉਹ ਹੈ ਉਸ ਦਾ ਆਪਣਾ ਅਸਤਿਤਵ। ਮਨੁੱਖਤਾ ਦੀ ਸਮਝ ਦਾ ਆਰੰਭ ਮਨੁੱਖ ਤੋਂ ਹੀ ਹੁੰਦਾ ਹੈ, ਜਿਵੇਂ ਅਸੀਂ ਕਹਿੰਦੇ ਹਾਂ ਕਿ ਨਾਗਰਿਕਤਾ ਘਰ ਤੋਂ ਹੀ ਸ਼ੁਰੂ ਹੁੰਦੀ ਹੈ। ਮੈਨੂੰ ਅਠਾਰਵੀਂ ਸਦੀ ਦੇ ਅੰਗਰੇਜ਼ੀ ਕਵੀ Alexander Pope ਨਾਲ ਸਹਿਮਤ ਹੋਣਾ ਪਿਆ। Know thyself, presume not God to scan, The proper study of mankind is man. ਇਸ ਲਈ ਰਾਣਾ ਸਾਹਿਬ ਮੈਂ ਨਿਮਰਤਾ ਸਹਿਤ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸ ਪ੍ਰਣਾਲੀ ਨੂੰ ਚੁਣਿਆ ਹੀ ਨਹੀਂ, ਸਗੋਂ ਇਸ ਦਾ ਅਧਿਐਨ ਮਾਡਲ ਵੀ ਮੈਂ ਖੁਦ ਬਣਾਇਆ ਹੈ। ਪਹਿਲੀ ਵਾਰ ਇਸ ਅਧਿਐਨ ਕਾਰਜ ਦਾ ਮੁੱਲ ਪਾਇਆ ਮੇਰਾ ਲੇਖ ਛਾਪਕੇ, ਫਿਲਹਾਲ ਬਾਰੇ ਡਾ. ਗੁਰਬਚਨ ਨੇ। ਇਸ ਪੁਸਤਕ ਦੀਆਂ 25 ਕਾਪੀਆਂ ਪੰਜਾਬੀ ਅਕਾਦਮੀ ਦਿੱਲੀ ਨੇ ਵੀ ਵਿਸ਼ੇਸ਼ ਆਰਡਰ ਭੇਜ ਕੇ ਮੰਗਵਾਈਆਂ ਸਨ।



**ਸਵਾਲ** 3. ਇਕ ਥਾਂ ਤੁਸੀਂ ਕਿਹਾ ਹੈ ਕਿ ਲੇਖਕ ਦੀ ਸ਼ੈਲੀ ਹੀ ਉਸਦਾ ਅਸਤਿਤਵ ਹੁੰਦੀ ਹੈ। ਸਾਹਿਤ ਸਿਰਜਣਾ ਦੇ ਨੁਕਤਾ ਨਿਗਾਹ ਤੋਂ ਇਸ ਕਥਨ ਦੀ ਵਿਆਖਿਆ ਕਰਦੇ ਹੋਏ ਇਹ ਦੱਸੋ ਕਿ ਲੇਖਕ ਦਾ ਅਸਤਿਤਵ ਉਸਦੀ ਸ਼ੈਲੀ ਕਿਵੇਂ ਬਣਦਾ ਹੈ ?

**ਜਵਾਬ** :- ਰਾਣਾ ਜੀ, ਇਹ ਬਿਲਕੁੱਲ ਸਹੀ ਹੈ। ਲੇਖਕ ਦੀ ਸ਼ੈਲੀ ਵਿਚੋਂ ਉਸਦਾ ਅਸਤਿਤਵ ਝਲਕਾਰੇ ਮਾਰਿਆ ਕਰਦਾ ਹੈ। ਲੇਖਕ ਦੀ ਹੀ ਨਹੀਂ ਹਰ ਵਿਅਕਤੀ ਦੀ ਸ਼ਖਸੀਅਤ ਅਸਤਿਤਵੀ ਕੇਂਦਰਤ ਹੈ। ਅਸਤਿਤਵ ਦਾ ਅੰਗ ਹੈ ਸ਼ਖਸੀਅਤ। ਸ਼ਖ਼ਸੀਅਤ ਹੀ ਸ਼ੈਲੀ ਹੈ। ਕਿਹਾ ਜਾਂਦਾ ਹੈ 'ਦੇਅਰ ਇਜ਼ ਆਲਵੇਜ਼ ਏ ਮੈਨ ਬਾਹਾਈਂਡ 'ਦ ਬੁੱਕ।' ਕੁੱਝ ਉਦਾਹਰਨਾ ਲੈ ਲਵੋ : ਪੰਜਾਬੀ ਵਾਰਤਕ ਵਿੱਚ ਪ੍ਰੋ: ਪੂਰਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰਿੰ. ਤੇਜਾ ਸਿੰਘ। ਪ੍ਰੋ. ਪੂਰਨ ਸਿੰਘ ਦੇ ਅਸਤਿਤਵ 'ਤੇ ਕਾਵਿਕਤਾ ਭਾਰੂ ਰਹੀ, ਇਸ ਲਈ ਉਸ ਦੀ ਵਾਰਤਕ ਸ਼ੈਲੀ ਕਾਵਿ ਮਈ ਹੈ। ਪ੍ਰੀਤਲੜੀ ਦਾ ਅਸਤਿਤਵ ਆਰਦਰਸ਼ਵਾਦੀ ਸੀ, ਸ਼ਖ਼ਸੀਅਤ ਵੀ ਆਦਰਸ਼ਵਾਦੀ ਸੀ। 'ਪਿਆਰ ਕਬਜ਼ਾ' ਨਹੀਂ, ਪਹਿਚਾਣ ਹੈ। ਇਸੇ ਲਈ ਉਸ ਦੀ ਵਾਰਤਕ ਆਦਰਸ਼ਵਾਦੀ ਅਤੇ ਰੋਮਾਂਚਿਕ ਰੰਗ ਵਾਲੀ ਹੈ। ਪ੍ਰਿੰ. ਤੇਜਾ ਸਿੰਘ ਸਾਰੀ ਆਯੂ ਅਕਾਦਮਿਕ ਰੁਝੇਵੇਂ ਵਿੱਚ ਰਹੇ। ਅੰਗਰੇਜ਼ੀ ਸਾਹਿਤ ਦਾ ਉਨ੍ਹਾਂ ਦੇ ਅਸਤਿਤਵ 'ਤੇ ਗੂੜ੍ਹਾ ਪ੍ਰਭਾਵ ਹੈ। ਇਸੇ ਲਈ ਉਨ੍ਹਾਂ ਦੀ ਵਾਰਤਕ ਸ਼ੈਲੀ 'ਤੇ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਹੈ। ਪ੍ਰੋ. ਪੂਰਨ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਧਾਰਮਿਕ ਅਸਤਿਤਵ ਰੱਖਦੇ ਸਨ। ਇਸ ਲਈ ਉਨ੍ਹਾਂ ਦੀ ਵਾਰਤਕ ਦਾ ਰੰਗ ਵੀ ਅਧਿਆਤਮਕ ਹੈ। ਅਜੋਕੇ ਵਾਰਤਕ ਦੇ ਧਨੀ ਡਾ. ਨਰਿੰਦਰ ਕਪੂਰ 'ਤੇ ਸਾਹਿਬ ਗੁਰੂ ਗੋਬਿੰਦ ਸਿੰਘ ਦੀ ਬਾਣੀ, ਵਿਸ਼ੇਸ਼ ਕਰ ਕੇ ਜਾਪੁ ਸਾਹਿਬ ਦਾ ਪ੍ਰਭਾਵ ਹੈ। ਇਸੇ ਕਾਰਨ ਉਹ ਨਿੱਕੇ ਨਿੱਕੇ ਵਾਕਾਂ ਵਿੱਚ ਵੱਡੀ ਗੱਲ ਕਹਿ ਜਾਂਦੇ ਹਨ। ਦੂਰ ਜਾਣ ਦੀ ਲੋੜ ਨਹੀਂ। ਤੁਹਾਡੇ ਅਸਤਿਤਵ 'ਤੇ ਨਿਕਟ ਸੰਬੰਧੀਆਂ ਦੇ ਵਿਛੋੜੇ ਦੀ ਤੜਪ ਹੈ। ਇਹੋ ਤੜਪ, ਕਾਂਬਾ, ਥੱਰਾਹਟ ਤੁਹਾਡੀ ਸ਼ਬਦਾਵਲੀ ਵਿੱਚੋਂ ਰੂਪਮਾਨ ਹੁੰਦੀ ਹੈ। ਇਸੇ ਲਈ ਇੱਕੋ ਸ਼ਬਦ ਅਗਲੇਰੇ ਵਾਕ ਜਾਂ ਪੈਰ੍ਹੇ ਵਿੱਚ ਵੱਖਰੇ ਅਰਥਾਂ ਵਿੱਚ ਕੰਬਦਾ/ਤੜਪਦਾ ਵੇਖਿਆ ਜਾ ਸਕਦਾ ਹੈ। ਇਸੇ ਅਸਤਿਤਵੀ ਪ੍ਰਭਾਵ ਅਧੀਨ ਤੁਹਾਡੀਆਂ ਕਹਾਣੀਆਂ ਵਿੱਚ ਵਿਸ਼ੇ/ਸ਼ੈਲੀ ਪੱਖੋਂ ਸਨੈਪ-ਸ਼ਾਟ ਹਨ। ਹਰ ਲੇਖਕ ਦੀ ਸ਼ਖਸ਼ੀਅਤ ਦੇ ਭੋਗੇ ਹੋਏ ਅਨੁਭਵ ਅਨੇਕ ਰੂਪਾਂ ਵਿੱਚ ਪਰਤ ਦਰ ਪਰਤ ਉਸਦੀ ਸ਼ਖਸ਼ੀਅਤ ਤੇ ਰਚਨਾ ਵਿਚ ਸ਼ਾਮਲ ਹੋਣੋਂ ਰੋਕੇ ਨਹੀਂ ਜਾ ਸਕਦੇ। ਸ਼ੈਲੀ ਦੇ ਅਸਤਿਤਵੀ ਕੇਂਦਰਤ ਨੁਕਤੇ ਨੂੰ ਪਕੜਣ

ਲਈ ਬੋਧ-ਸ਼ਕਤੀ ਦੀ ਲੋੜ ਹੈ। ਬੋਧ-ਸ਼ਕਤੀ ਰਾਣਾ ਜੀ ਅਜਿਹਾ ਪੈਰਾਸ਼ੂਟ ਹੈ, ਜੋ ਖੋਲ੍ਹਿਆ ਹੀ ਕੰਮ ਦਿੰਦਾ ਹੈ।

**ਸਵਾਲ**-4. ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੀ ਧਾਰਨਾ ਹੈ ਕਿ ਇਕ ਬੰਦੇ ਅੰਦਰ ਬਹੁਤ ਸਾਰੇ ਬੰਦੇ ਹੁੰਦੇ ਹਨ। ਇਸ ਧਾਰਨਾ ਦੀ ਰੌਸ਼ਨੀ ਵਿਚ 'ਮੈਂ ਅਤੇ ਤੂੰ' ਨੂੰ ਬੰਦੇ ਦੀ ਸ਼ਖਸ਼ੀਅਤ ਦਾ ਸਮਾਂ, ਸਥਾਨ ਤੇ ਸੰਦਰਭ ਬਦਲਨ ਨਾਲ, ਅਸਤਿਤਵਾਦੀ ਨੁਕਤੇ ਤੋਂ ਕਿੰਝ ਸਮਝਿਆ ਜਾ ਸਕਦਾ ਹੈ ?

**ਜਵਾਬ**:- ਰਾਣਾ ਜੀ, ਪ੍ਰੇਮ ਪ੍ਰਕਾਸ਼ ਦੀ ਧਾਰਨਾ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ। ਦਰਅਸਲ ਅਜੋਕਾ ਮਨੁੱਖ ਮਿਸ਼ਰਿਤ (ਕੰਪੋਜ਼ਿਟ) ਸਭਿਆਚਾਰ ਦੇ ਪ੍ਰਭਾਵ-ਅਧੀਨ ਵਿਚਰ ਰਿਹਾ ਹੈ। ਇੱਕੋ ਮਨੁੱਖ ਸਮੇਂ/ਸਥਾਨ/ਸੰਦਰਭ ਨਾਲ ਗਿਰਗਿਟ ਵਾਂਗ ਰੰਗ ਬਦਲਦਾ ਵੇਖਿਆ ਜਾ ਸਕਦਾ ਹੈ। ਸਵੇਰ ਵੇਲੇ ਧਾਰਮਿਕ ਸਥਾਨ 'ਤੇ ਨਤਮਸਤਕ ਹੋਣ ਵਾਲਾ, ਦੁਪਹਿਰੇ ਕਿਸੇ ਮੈਰਿਜ ਪੈਲੇਸ ਵਿੱਚ ਆਰਕੈਸਟਰਾ ਵਾਲੀਆਂ ਨਾਚੀਆਂ ਨਾਲ ਭੰਗੜਾ ਪਾਉਂਦਾ ਅਤੇ ਸ਼ਾਮ ਨੂੰ ਠੇਕੇ 'ਤੇ ਸ਼ਰਾਬ ਵਿੱਚ ਗੁੱਟ ਵੇਖਿਆ ਜਾ ਸਕਦਾ ਹੈ। ਅਸਤਿਤਵਵਾਦ ਮਨੁੱਖ ਦੀ ਗਤੀਸ਼ੀਲਤਾ ਦਾ ਅਧਿਐਨ ਕਰਦਾ ਹੈ। ਬੰਦੇ/ਪਾਤਰ ਆਪਣੀ ਗਤੀਸ਼ੀਲਤਾ ਦੁਆਰਾ ਹੀ ਪੂਰਨ ਪ੍ਰਗਟਾਵਾ ਕਰਦੇ ਹਨ। ਅਸਤਿਤਵਵਾਦੀ ਆਲੋਚਨਾ ਬੰਦੇ/ਪਾਤਰ ਦੇ ਆਹਾਰ, ਵਿਹਾਰ, ਕਿਰਦਾਰ (ਆਚਾਰ) ਨੂੰ ਉੱਠਣ-ਬੈਠਣ ਆਰਥਾਤ ਗਤੀਸ਼ੀਲਤਾ 'ਚੋਂ ਪਕੜਨ ਦੇ ਆਹਰ ਵਿੱਚ ਰਹਿੰਦੀ ਹੈ, ਪਰ ਖਾਮੋਸ਼ ਰਹਿਕੇ/ ਦਰਸ਼ਕ ਬਣਕੇ ਸ਼ਬਦਾਂ ਪਿੱਛੇ ਛੁਪੇ ਰਹੱਸ ਦੀ ਕੋਜੀਟੋ ਨੂੰ ਸਮਝਣ ਦਾ ਕਾਰਜ ਕਰਦੀ ਹੈ। ਮੈਂ+ਤੂੰ ਦਾ ਭਾਵ 'ਮੈਂ' ਤੂੰ ਨਾਲ ਅਜਿਹੇ ਸੰਬੰਧਾਂ ਨਾਲ ਵਿਚਾਰਦਾ ਹਾਂ ਜੋ 'ਮੈਥੋਂ' ਕੁੱਝ ਮੰਗ ਕਰਦੇ ਹਨ। ਮੈਂ, ਤੂੰ, ਅਸੀਂ, ਉਹ ਆਪਸ ਵਿੱਚ ਹੰਗੂਾਰਾ ਭਰਦੇ ਅਤੇ ਆਪਸੀ ਜ਼ਿੰਮੇਵਾਰੀਆਂ ਦਾ ਵਟਾਂਦਰੇ ਕਰਦੇ ਅਸੀਂ ਆਮ ਹੀ ਵੇਖਦੇ ਹਾਂ। ਅਸਤਿਤਵਵਾਦੀ ਦ੍ਰਿਸ਼ਟੀ ਅਨੁਸਾਰ ਦੂਜੇ ਅੱਗੇ ਮੇਰੀ ਹਾਜ਼ਰੀ ਆਪਣੀ ਹੋਂਦ ਨੂੰ ਅਰਥ ਪ੍ਰਦਾਨ ਕਰਦੀ ਹੈ। ਦੂਜੇ ਦੀ ਮੇਰੇ ਸਾਹਵੇਂ ਹਾਜ਼ਰੀ ਉਸਦੀ ਆਪਣੀ ਹੋਂਦ ਨੂੰ ਨਸ਼ਰ ਕਰਦੀ ਹੈ। ਤੀਜੇ ਬੰਦੇ ਬਾਰੇ ਗੱਲਾਂ ਨਾਲ ਉਹ ਸਾਡੇ ਦੋਹਾਂ ਸਾਹਵੇਂ ਵਿਸ਼ਲੇਸ਼ਣ ਲਈ ਹਾਜ਼ਰ ਹੋ ਜਾਂਦਾ ਹੈ। ਅਜਿਹਾ ਕਰਦਿਆਂ ਪੂਰਵ-ਧਾਰਨਾਵਾਂ ਦੀ ਬਰੈਕਟ ਖੁੱਲ੍ਹ ਜਾਂਦੀ ਹੈ। ਇਸੇ ਲਈ ਅਸਤਿਤਵਵਾਦੀ ਆਲੋਚਨਾ ਮੈਂ+ਵਾਦ ਨਹੀਂ। ਇਹ ਆਲੇ-ਦੁਆਲੇ ਵਿੱਚ ਘਿਰੇ ਬੰਦੇ ਦਾ ਅਧਿਐਨ ਕਰਦੀ ਹੈ। ਭੀੜ ਦਾ ਕੋਈ ਅਸਤਿਤਵ ਨਹੀਂ ਹੁੰਦਾ। ਪਰ ਆਲੋਚਨਾ ਮੈਂ+ਤੂੰ ਤੋਂ ਅਸੀਂ ਨੂੰ ਸਮਝਣ ਦਾ ਉਪਰਾਲਾ ਕਰਦੀ ਹੈ। ਇਸੇ ਲਈ ਜਾਂ ਪਾਲ ਸਾਰਤਰ



ਕਹਿੰਦਾ ਹੈ 'Existentielism is Humenism' ਅਸਤਿਤਵਵਾਦ ਮਾਨਵਵਾਦ ਹੈ। ਅਸਤਿਤਵ ਆਪਸੀ ਸੰਬੰਧਾਂ ਵਿਚੋਂ ਹੀ ਉਜਾਗਰ ਹੁੰਦਾ ਹੈ। ਹੁਣ ਤਾਂ ਅਸਤਿਤਵ ਦਾ ਵਿਸਤਾਰ ਕਿਸੇ ਕੌਮ/ਮੁਲਕ ਤੱਕ ਅੱਪੜ ਗਿਆ ਹੈ। ਅਸਤਿਤਵ ਦੇ ਅਧਿਐਨ ਲਈ ਦ੍ਰਿਸ਼ ਪਰਪੰਚ ਵਿਗਿਆਨ (ਫੇਨੋਮਾਨੋਲੀਜੀ) ਸਹਾਇਤਾ ਕਰਦਾ ਹੈ।

**ਸਵਾਲ**-5. ਤੁਸੀਂ ਆਪਣੇ ਅਧਿਐਨ ਵਿਚ ਆਸਤਿਕ ਤੇ ਨਾਸਤਕ, ਦੋ ਕਿਸਮ ਤੇ ਅਸਤਿਤਵਵਾਦੀ ਵਿਦਵਾਨਾਂ ਦੀ ਹੋਂਦ ਦਾ ਜ਼ਿਕਰ ਕੀਤਾ ਹੈ। ਕੀ ਇਨ੍ਹਾਂ ਦੋ ਕੋਟੀਆਂ ਤੋਂ ਬਿਨ੍ਹਾਂ ਸਾਹਿਤ ਤੇ ਸਮਾਜ ਵਿਚ ਕਿਸੇ ਤੀਜੀ ਕਿਸਮ ਦੇ ਅਸਤਿਤਵ ਦੀ ਹੋਂਦ ਵੀ ਹੁੰਦੀ ਹੈ ?

**ਜਵਾਬ**:-ਬਿਲਕੁੱਲ ਠੀਕ ਕਹਿੰਦੇ ਹੋ, ਰਾਣਾ ਸਾਹਿਬ! ਮੈਂ ਹੀ ਨਹੀਂ ਵਿਸ਼ਵ ਪੱਧਰ 'ਤੇ ਅਤਿਤਵਵਾਦੀ ਚਿੰਤਕਾਂ ਨੇ ਅਸਤਿਤਵਵਾਦੀਆਂ ਨੂੰ ਦੋ ਭਾਗਾਂ-ਆਸਤਿਕ ਅਤੇ ਨਾਸਤਿਕ ਵਿੱਚ ਵੰਡਿਆ ਹੈ। ਅਸਤਿਤਵਵਾਦੀ ਆਲੋਚਨਾ ਦਾ ਅਧਿਐਨ ਮਾਡਲ ਤਿਆਰ ਕਰਦੇ ਸਮੇਂ ਮੇਰੇ ਸਾਹਮਣੇ ਵੀ ਵੱਡੀ ਸਮੱਸਿਆ ਇਹੋ ਆਈ। ਪਰ ਇਸ ਔਕੜ ਦਾ ਸਮਾਧਾਨ ਹੋ ਗਿਆ। ਸਾਡੀ ਭਾਸ਼ਾ ਦੇ ਧਾਰਮਿਕ ਸਾਹਿਤ ਵਿੱਚ ਨਾਸਤਕ/ਦੁਨਿਆਵੀ ਉਦਾਹ ਰਨਾਂ ਵੀ ਹਨ। ਦੁਨਿਆਵੀ ਸਾਹਿਤ ਵਿੱਚ ਧਾਰਮਿਕਤਾ ਵੀ ਵਿਦਮਾਨ ਹੈ। ਸਾਡਾ ਸਾਰਾ ਸਾਹਿਤ ਲੋਕ ਸੁਖੀਏ, ਪਰਲੋਕ ਸੁਹੇਲੇ ਦੇ ਮਹਾਂਵਾਕ ਅਨੁਸਾਰ ਚੱਲਦਾ ਹੈ। ਵਾਰਿਸ ਸਾਹ ਦੀ ਹੀਰ ਦੁਨਿਆਵੀ ਸਾਹਿਤ ਹੁੰਦੀ ਹੋਈ ਵੀ ਕੁਰਾਨ ਦੇ ਮਾਅਨੇ ਰੱਖਦੀ ਹੈ। ਜੰਗਨਾਮਾ ਸ਼ਾਹ ਮੁਹੰਮਦ 'ਓਸ ਤੋਂ ਸਦਾ ਡਰੀਏ' ਦਾ ਸਕੰਤ ਕਰਦਾ ਹੈ। ਪੰਜਾਬੀ ਸਾਹਿਤ ਵਿੱਚ ਇਹ ਦੋਵੇਂ ਰੰਗ ਮਿਲਦੇ ਹਨ। ਇਸ ਲਈ ਆਸਤਿਕ, ਨਾਸਤਿਕ ਤੋਂ ਬਿਨਾਂ ਤੀਜਾ ਰੂਪ ਮਿਸ਼ਰਤ ਰੂਪ ਮੰਨਿਆ ਜਾ ਸਕਦਾ ਹੈ।

**ਸਵਾਲ**-6. ਡਾ. ਸਾਹਿਬ! ਤੁਸੀ ਇਕ ਵਾਰ ਜੌੜੇਪੁਲ ਸਾਹਿਤ ਸਭਾ ਵਿਚ ਪਹੁੰਚੇ ਡਾ. ਰਵਿੰਦਰ ਰਵੀ ਦੀ ਗੱਲ-ਬਾਤ ਤੋਂ ਪ੍ਰੇਰਨਾ ਮਿਲਣ ਦੀ ਗੱਲ ਕੀਤੀ ਹੈ। ਇਸ ਸਭਾ ਨਾਲ ਜੁੜੀਆਂ ਯਾਦਾਂ ਤੇ ਅਨੁਭਵਾਂ ਦੇ ਆਧਾਰ 'ਤੇ ਦੱਸੋ ਕਿ ਲੇਖਕ, ਸਾਹਿਤ, ਸਭਾ ਤੇ ਸਿਰਜਣਾ ਦਾ ਆਪਸ ਵਿਚ ਕੀ ਰੋਲ ਅਤੇ ਰਿਸ਼ਤਾ ਹੁੰਦਾ ਹੈ ?

**ਜਵਾਬ**:-ਧੰਨਵਾਦੀ ਹਾਂ ਰਾਣਾ ਜੀ! ਤੁਸੀਂ ਡਾ. ਰਵਿੰਦਰ ਸਿੰਘ ਰਵੀ ਦੀ ਯਾਦ ਦਿਵਾਈ। ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ ਕਿ ਇਸ ਅਸਤਿਤਵਵਾਦੀ ਆਲੋਚਨਾ ਪਿੱਛੇ 'ਪਰ ਪੜ੍ਹਕੇ' ਰਵੀ ਜੀ ਦਾ ਵਾਕੰਸ਼ ਕਾਰਜਸ਼ੀਹਲ ਹੈ। ਜਦੋਂ ਰਵੀ ਜੀ ਜੌੜੇਪੁਲ ਪਧਾਰੇ ਉਦੋਂ ਮੈਂ ਸਭਾ ਦੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਨਿਭਾਅ ਰਿਹਾ ਸੀ। ਸ਼ਾਇਦ ਇਹ

1986 ਦੀ ਗੱਲ ਹੈ। ਇਸ ਸਭਾ ਦੀ ਸਥਾਪਨਾ ਵਿੱਚ ਡਾ. ਐੱਸ. ਤਰਸੇਮ ਦਾ ਵਡਮੁੱਲਾ ਯੋਗਦਾਨ ਰਿਹਾ। ਉਨ੍ਹਾਂ ਤੋਂ ਬਿਨਾਂ ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਡਾ. ਰਾਜਿੰਦਰ ਸਿੰਘ, ਪ੍ਰੋ. ਤਰਸੇਮ ਰਾਣਾ, ਜੰਗ ਸਿੰਘ ਗਿੱਲ, ਈਸ਼ਰ ਸਿੰਘ ਪਾਸੀ, ਸੁਖਵਿੰਦਰ ਸੁਖੀ, ਪ੍ਰੋ. ਗੁਰਦਿਆਲ ਸਿੰਘ, ਮਹਿਤਾਬ-ਉਦ-ਦੀਨ ਆਦਿ ਇਸ ਸਭਾ ਵਿੱਚ ਵਧ ਚੜ੍ਹ ਕੇ ਯੋਗਦਾਨ ਪਾਉਂਦੇ ਰਹੇ। ਇਹ ਸਭਾ ਬਨਾਉਣ ਦਾ ਮਨੋਰਥ ਇਹ ਸੀ ਕਿ ਸਾਹਿਤ ਨੂੰ ਸ਼ਹਿਰਾਂ ਦੇ ਬੰਦ ਕਮਰਿਆਂ 'ਚੋਂ ਕੱਢ ਕੇ ਪਿੰਡਾਂ ਵੱਲ ਲਿਜਾਇਆ ਜਾਵੇ। ਜੰਗ ਸਿੰਘ ਗਿੱਲ ਪਿੰਡ ਜੱਬੋਮਾਜਰਾ ਦਾ ਵਸਨੀਕ ਸੀ। ਜੋ ਸਾਡੇ ਸਾਰਿਆਂ ਲਈ ਦੇਸੀ ਘਿਉ ਦੇ ਪਰੌਂਠੇ ਲਿਆਇਆ ਕਰਦਾ ਸੀ। ਅਸੀਂ ਉਦੋਂ ਪ੍ਰੀਤਲੜੀ ਪਰਿਵਾਰ, ਸ. ਸ਼ਮਸ਼ੇਰ ਸਿੰਘ ਅਸ਼ੋਕ, ਕਹਾਣੀਕਾਰ ਭੁਪਿੰਦਰ ਸਿੰਘ ਪੀ.ਸੀ.ਐੱਸ, ਰਾਮ ਲਾਲ ਪ੍ਰੇਮੀ, ਕਰਤਾਰ ਸਿੰਘ ਪੰਛੀ, ਮੂਲ ਚੰਦ ਸ਼ਰਮਾਂ ਆਦਿ ਨੂੰ ਸਨਮਾਨਿਤ ਕੀਤਾ। ਇਨ੍ਹਾਂ ਸਮਾਗਮਾਂ ਵਿੱਚ ਬਲਜਿੰਦਰ ਨਸਰਾਲੀ, ਸ. ਨਸੀਮ, ਹਰਬੰਸ ਮਾਲਵਾ, ਸੁਖਜੀਤ, ਸੁਖਮਿੰਦਰ ਰਾਮਪੁਰੀ ਆਦਿ ਹਾਜ਼ਰੀ ਲਵਾਉਂਦੇ ਰਹੇ। ਪੰਜਾਬ ਦੇ ਅਣਸੁਖਾਵੇਂ ਮਾਹੌਲ ਕਾਰਨ ਸਭਾ ਦੇ ਮੈਂਬਰਾਂ ਵਿੱਚ ਰੁਚੀ ਘਟ ਗਈ। ਹੁਣ ਇਸ ਸਭਾ ਦਾ ਕੇਵਲ ਨਾਮ ਹੀ ਰਹਿ ਗਿਆ ਹੈ। ਉਨ੍ਹਾਂ ਦਿਨਾਂ ਵਿੱਚ ਜੰਗ ਸਿੰਘ ਗਿੱਲ ਦੀ ਪੁਸਤਕ 'ਹੋਕਾ' ਅਤੇ ਈਸ਼ਰ ਸਿੰਘ ਪਾਸੀ ਦੀ ਪੁਸਤਕ 'ਸੰਘਰਸ਼ੀ ਰਾਹਾਂ' ਪ੍ਰਕਾਸ਼ਿਤ ਹੋਈਆਂ ਸਨ। ਸਾਹਿਤ ਸਭਾਵਾਂ ਵਿੱਚ ਨਵੇਂ ਲੇਖਕਾਂ ਨੂੰ ਸੇਧ ਮਿਲਦੀ ਹੈ। ਰਚਨਾਵਾਂ ਪੜ੍ਹੀਆਂ ਜਾਂਦੀਆਂ ਹਨ। ਉਸਾਰੂ ਬਹਿਸ ਹੁੰਦੀ ਹੈ। ਸਿਰਜਣਾ ਲਈ ਪ੍ਰੋਤਸਾਹਨ ਮਿਲਦਾ ਹੈ। ਕਾਗਜ਼ੀ ਸਭਾਵਾਂ ਦੀ ਥਾਂ ਕਾਰਜੀ ਸਭਾਵਾਂ ਦਾ ਹੀ ਸਾਹਿਤ ਵਿੱਚ ਯੋਗਦਾਨ ਹੈ। ਕਾਗਜ਼ੀ ਤਾਂ ਕੇਵਲ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਵੇਲੇ ਹੀ ਜਾਗਦੀਆਂ ਹਨ। ਇਸ ਮਾਮਲੇ ਵਿਚ ਅਲੇਖਕਾਂ ਦੀ ਮੈਂਬਰਸ਼ਿਪ ਵਰਜਿਤ ਹੋਣੀ ਚਾਹੀਦੀ ਹੈ।

**ਸਵਾਲ**-7. ਤੁਹਾਨੂੰ ਸਭ ਤੋਂ ਪਹਿਲਾਂ ਸਾਹਿਤ ਲਿਖਣ ਪੜ੍ਹਨ ਦੀ ਚੇਟਕ ਕਦੋਂ, ਕਿੱਥੋਂ ਤੇ ਕਿਵੇਂ ਲੱਗੀ ? ਮੈਂ ਇਹ ਵੀ ਜਾਨਣਾ ਚਾਹਾਂਗਾ ਕਿ ਸਭ ਤੋਂ ਪਹਿਲੀ ਕਿਤਾਬ ਪੜ੍ਹਨ ਅਤੇ ਰਚਨਾ ਲਿਖਣ ਤੇ ਫਿਰ ਲਿਖੀ ਹੋਈ ਰਚਨਾ ਨੂੰ ਛਪਣ ਤੋਂ ਬਾਅਦ ਤੁਹਾਡੇ ਮਨ ਵਿਚ ਕਿਸ ਕਿਸਮ ਦੇ ਭਾਵ ਪੈਦਾ ਹੋਏ ਸਨ ?

**ਜਵਾਬ**:-1959 ਵਿੱਚ ਮੈਂ ਖਾਲਸਾ ਹਾਇਰ ਸੈਕੰਡਰੀ ਸਕੂਲ ਦਾ ਨੌਵੀਂ ਜਮਾਤ ਦਾ ਵਿਦਿਆਰਥੀ ਸਾਂ। ਉਥੇ ਪੰ: ਦੁਆਰਕਾ ਦਾਸ ਕੌਸ਼ਿਕ ਪੰਜਾਬੀ ਅਧਿਆਪਕ ਸਨ। ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ ਕਿ ਅਜਿਹੀ ਲਗਨ ਮੈਨੂੰ ਉਨ੍ਹਾਂ ਨੇ ਹੀ ਲਾਈ। ਪਹਿਲੋਂ ਪਹਿਲ ਮੈਂ ਗੀਤ ਲਿਖਣੇ ਸ਼ੁਰੂ ਕੀਤੇ। ਉਦੋਂ ਅੱਜ ਵਾਂਗ ਲੇਖਕਾਂ ਦੀ ਭੀੜ ਨਹੀਂ ਸੀ। ਨਾ ਹੀ ਸਿੱਖਿਆ ਦਾ ਏਨਾ ਪਰਸਾਰ ਸੀ। ਜਿਹੜੀ ਵੀ ਰਚਨਾ ਅਖਬਾਰ/ਮੈਗਜ਼ੀਨ ਨੂੰ



ਭੇਜੀ ਜਾਂਦੀ, ਲਗਭਗ ਛਪ ਹੀ ਜਾਂਦੀ ਸੀ। ਇਸ ਆਯੂ ਵਿੱਚ (73ਵੇਂ ਸਾਲ) ਪੱਕੀਆਂ ਮਿਤੀਆਂ ਯਾਦ ਕਰਨੀਆਂ ਕਠਿਨ ਹਨ। ਇਹੋ ਕਹਿ ਸਕਦਾ ਹਾਂ ਕਿ ਬੱਸ ਰਸਾਲਿਆਂ, ਮੈਗਜ਼ੀਨਾਂ ਦੇ ਅਧਿਐਨ ਤੋਂ ਹੀ ਲਿਖਣ ਦੀ ਚੇਟਕ ਲੱਗ ਗਈ। ਕਰਤਾਰ ਸਿੰਘ ਬਲੱਗਣ ਦੇ 'ਕਵਿਤਾ' ਮੈਗਜ਼ੀਨ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਪਹਿਲੀ ਵਾਰ 1962 ਵਿੱਚ 'ਪਿਆਰ ਪੰਘੂੜਾ' ਪੁਸਤਕ ਵਿੱਚ ਚਾਰ ਕਵਿਤਾਵਾਂ/ਗੀਤ ਛਪੇ ਸਨ । ਬਾਕੀ ਛਪਣ ਬਾਰੇ ਮੈਂ ਪਹਿਲਾਂ ਵਿਸਥਾਰ ਵਿੱਚ ਗੱਲ ਕਰ ਚੁੱਕਾ ਹਾਂ। ਛਪੀ ਰਚਨਾ ਵੇਖ ਕੇ ਮਨ ਗਦ ਗਦ ਕਰ ਉੱਠਦਾ ਸੀ।

**ਸਵਾਲ**-8. ਇਕ ਆਲੋਚਕ ਹੋਣ ਦੇ ਨਾਤੇ ਸਮਕਾਲੀ ਪੰਜਾਬੀ ਆਲੋਚਨਾ ਦੀ ਸਥਿਤੀ ਉਪਰ ਟਿਪਣੀ ਕਰਦੇ ਹੋਏ ਇਹ ਵੀ ਸਪਸ਼ਟ ਕਰੋ ਕਿ ਸਾਹਿਤ ਅਤੇ ਸਮਾਜ ਦੇ ਤੇਜ਼ੀ ਨਾਲ ਬਦਲ ਰਹੇ ਦ੍ਰਿਸ਼ ਦਾ ਪ੍ਰਮਾਣਿਕ ਵਿਸ਼ਲੇਸ਼ਣ ਕਰਨ ਲਈ ਆਲੋਚਕ ਤੇ ਆਲੋਚਨਾ ਦੀ ਕੀ ਦਿਸ਼ਾ ਹੋਣੀ ਚਾਹੀਦੀ ਹੈ ?

**ਜਵਾਬ**:-ਰਾਣਾ ਜੀ ! ਪੰਜਾਬੀ ਸਾਹਿਤ ਵਿੱਚ ਸਿਰਜਣਾ ਅੱਗੇ ਹੈ ਅਤੇ ਆਲੋਚਨਾ ਪਿੱਛੇ ਹੈ। ਸਾਹਿਤ ਸਭਾਵਾਂ ਵਿੱਚ ਵੀ ਜਿਹੜੇ ਪੇਪਰ ਪੜ੍ਹੇ ਜਾਂਦੇ ਹਨ, ਉਹ ਲੇਖਕ ਦੀ ਪ੍ਰਸੰਸਾ ਵਿੱਚ ਪੜ੍ਹੇ ਜਾਂਦੇ ਹਨ। ਰਚਨਾ ਆਧਾਰਿਤ ਆਲੋਚਨਾ ਬਹੁਤ ਘੱਟ ਹੋ ਰਹੀ ਹੈ। ਇਸ ਖੇਤਰ ਵਿੱਚ ਗੁੱਟ ਬੰਦੀ ਅਤੇ ਆੜੀਵਾਦ ਭਾਰੂ ਹੈ। ਵਿਸ਼ਵ -ਵਿਦਿਆਲਿਆਂ ਵਿੱਚ ਹੋ ਰਹੀ ਖੋਜ ਵੀ ਖੋਜ/ਆਲੋਚਨਾ ਦਾ ਵਿਕਾਸ ਕਰਨ ਵਿੱਚ ਬੇਵਸ ਹੈ। ਮੈਨੂੰ ਕਾਲਜ ਵਿਖੇ ਐਡਹਾਕ ਲੈਕਚਰਾਰ ਰੱਖਣ ਸਮੇਂ ਇੰਟਰਵਿਊ ਲਈ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦਾ ਅਨੁਭਵ ਪ੍ਰਾਪਤ ਹੈ। ਵਿਸ਼ਾ ਮਾਹਰ ਵਜੋਂ ਬਹੁਤੀ ਵਾਰ ਮੈਂ ਇਕੋ ਪ੍ਰਸ਼ਨ ਪੁੱਛਦਾ ਸਾਂ ਕਿ ਬੇਟੇ/ਬੇਟੀ, ਤੇਰਾ ਇਸ ਖੋਜ ਵਿੱਚ ਨਵਾਂ ਯੋਗਦਾਨ ਕੀ ਹੈ ? ਜੇ ਭਲਾਂ ਬੇਟੇ/ਬੇਟੀ ਤੂੰ ਇਹ ਖੋਜ ਨਾ ਵੀ ਕਰਦਾ/ਕਰਦੀ ਤਾਂ ਪੰਜਾਬੀ ਸਾਹਿਤ ਨੂੰ ਕਿੰਨਾ ਕੁ ਘਾਟਾ ਪੈ ਜਾਣਾ ਸੀ ? ਇਸ ਦਾ ਉੱਤਰ ਬਹੁਤੀ ਵਾਰ ਚੁੱਪ ਵਿੱਚ ਹੀ ਮਿਲਦਾ ਸੀ। ਪੰਜਾਬੀ ਸਾਹਿਤ-ਆਲੋਚਨਾ ਦਾ ਵਿਕਾਸ ਤਾਂ ਹੀ ਹੋ ਸਕੇਗਾ ਜੇ ਆਲੋਚਨਾ ਸਭਾਵਾਂ ਵਿੱਚ ਵੀ ਖੁੱਲ੍ਹਕੇ ਕਰਨ ਦਿੱਤੀ ਜਾਵੇ। ਬਹੁਤੀ ਵਾਰ ਸੱਚ ਬੋਲਣ ਵਾਲੇ ਆਲੋਚਕ ਸਾਹਵੇਂ ਮੰਚ ਵੱਲੋਂ ਰੋਕ-ਪਰਚੀ ਵੀ ਪ੍ਰਾਪਤ ਹੋ ਜਾਂਦੀ ਹੈ। ਸਾਹਿਤਕ ਗੋਸ਼ਟੀਆਂ ਮਿਲਗੋਭਾ ਪ੍ਰੋਗਰਾਮਾਂ ਨੇ ਦੂਸ਼ਿਤ ਕੀਤੀਆਂ ਹੋਈਆਂ ਨੇ। ਕਿਸੇ ਗੋਸ਼ਟੀ 'ਤੇ ਵੱਧ ਤੋਂ ਵੱਧ ਦੋ ਪੇਪਰ ਪੜ੍ਹੇ ਜਾਣ। ਉਨ੍ਹਾਂ ਉਪਰ ਖੁੱਲ੍ਹਕੇ ਉਸਾਰੂ ਬਹਿਸ ਹੋਵੇ। ਬਾਅਦ ਵਿੱਚ ਪ੍ਰਾਪਤ ਨਤੀਜਿਆਂ ਦਾ ਸਾਰ ਪ੍ਰਸਤੁਤ ਕੀਤਾ ਜਾਵੇ। ਸਾਹਿਤਕ-ਖੱਟ ਸਨਮਾਨ ਲਈ ਵੱਖਰਾ ਸਮਾਂ ਨਿਰਧਾਰਿਤ ਕੀਤਾ ਜਾਵੇ। ਕਵੀ-ਦਰਬਾਰ ਲਈ ਵੱਖਰਾ ਦਿਨ ਰੱਖਿਆ ਜਾਵੇ। ਅਜੋਕੀ ਸਥਿਤੀ 'ਚ

ਤਾਂ ਵਿਆਹ ਵਾਂਗ ਰਾਮ-ਰੌਲਾ/ ਬੱਲੇ ਬੱਲੇ ਜਿਹੀ ਹੁੰਦੀ ਰਹਿੰਦੀ ਹੈ। ਗੋਸ਼ਟੀ ਦਾ ਮਨੋਰਥ ਹੀ ਖਤਮ ਹੋ ਜਾਂਦਾ ਹੈ। ਅਖਬਾਰੀ ਖਬਰਾਂ, ਬੁਲਾਰਿਆਂ ਦੇ ਨਾਵਾਂ, ਪ੍ਰਧਾਨਗੀ ਮੰਡਲ ਦੇ ਨਾਂਵਾਂ, ਹਾਜ਼ਰ ਪਤਵੰਤਿਆਂ ਦੇ ਨਾਵਾਂ ਨਾਲ ਤਾਂ ਭਰੀਆਂ ਹੁੰਦੀਆਂ ਹਨ। ਪੇਪਰ ਲਿਖਣ ਵਾਲਿਆਂ ਅਤੇ ਬਹਿਸ 'ਚ ਭਾਗ ਲੈਣ ਵਾਲਿਆਂ ਨੇ ਕੀ ਕਿਹਾ। ਵਿਧਾ ਦੇ ਵਿਕਾਸ ਲਈ ਕਿਹੜੇ ਪ੍ਰਮੁੱਖ ਨੁਕਤੇ ਉਭਾਰੇ ਗਏ। ਇਹ ਸਭ ਗੱਲਾਂ ਪ੍ਰਿਸ਼ਠ ਭੂਮੀ ਵਿੱਚ ਚਲੀਆਂ ਜਾਂਦੀਆਂ ਹਨ। ਜੇਕਰ ਸਾਡੀ ਆਲੋਚਕਾ ਨੇ ਆੜੀਵਾਦ/ਗੁੱਟ-ਵਾਦ ਦਾ ਮਾਰਗ ਨਾ ਤਿਆਗਿਆ ਤਾਂ ਸਾਹਿਤਕ ਆਲੋਚਨਾ ਦੇ ਵਿਕਾਸ 'ਤੇ ਪ੍ਰਸ਼ਨ ਚਿੰਨ੍ਹ ਲੱਗ ਜਾਵੇਗਾ। ਜਸਵੀਰ ਰਾਣਾ ਜੀ, ਤੁਹਾਡਾ ਇਹ ਪ੍ਰਸ਼ਨ ਸਭ ਤੋਂ ਵੱਧ ਗੰਭੀਰ ਹੈ। ਇਸ ਬਾਰੇ ਇਕ ਹੋਰ ਗੱਲ ਇਹ ਹੈ ਕਿ ਅਜੋਕੀਆਂ ਸਾਹਿਤਕ ਪ੍ਰਵਿਰਤੀਆਂ ਨੇ ਪੂਰਵ-ਵਰਤੀ ਸਾਹਿਤਕ ਚਿੰਤਨ ਵਿੱਚ ਕ੍ਰਾਂਤੀਕਾਰੀ ਤਬਦੀਲੀ ਕਰ ਦਿੱਤੀ ਹੈ ।ਕਿਸੇ ਵੀ ਸਾਹਿਤ ਰਚਨਾ ਦੇ ਅਰਥ-ਗ੍ਰਹਿਣ ਕਰਦਿਆਂ ਇਤਿਹਾਸਕ, ਰਾਜਨੀਤਿਕ, ਸਭਿਆਚਾਰਕ ਅਤੇ ਸਮਾਜਿਕ ਸੰਭਾਵਨਾਵਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਆਲੋਚਕ/ਪਾਠਕ ਹੀ ਪਾਠ ਨੂੰ ਨਹੀਂ ਪੜ੍ਹਦਾ, ਪਾਠ ਵੀ ਆਲੋਚਕ/ਪਾਠਕ ਨੂੰ ਪੜ੍ਹਦਾ ਹੈ। ਸਾਨੂੰ ਪੜ੍ਹਤ ਪ੍ਰਕਿਰਿਆ ਦਾ ਮਹੱਤਵ ਸਮਝਣਾ ਪੈਣਾ ਹੈ। ਨਵ-ਅਸਤਿਤਵਵਾਦ, ਨਵ-ਮਾਰਕਸਵਾਦ, ਨਵ-ਇਤਿਹਾਸਵਾਦ, ਨਾਰੀ-ਵਾਦ, ਦਲਿਤ ਸਰੋਕਾਰ ਆਦਿ ਭਵਿੱਖ ਦੀ ਆਲੋਚਨਾ ਲਈ ਨਵੀਂ ਦਿਸ਼ਾ ਨਿਰਧਾਰਿਤ ਕਰਨ ਦੇ ਕਾਰਜ ਵਿੱਚ ਗਹਿਰੀ ਸਾਂਝ ਨਾਲ ਜੁੜੇ ਹੋਏ ਪ੍ਰਤੀਤ ਹੁੰਦੇ ਹਨ। ਨਵੀਂ ਆਲੋਚਨਾ ਦ੍ਰਿਸ਼ਟੀ ਨੇਮ-ਵਿਧਾਨਾਂ ਦੀ ਕਰੜੀ ਜਕੜ ਤੋਂ ਮੁਕਤ ਪ੍ਰਤੀਤ ਹੁੰਦੀ ਹੈ। ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਨਵੀਆਂ ਅੰਤਰ-ਦ੍ਰਿਸ਼ਟੀਆਂ ਦਾ ਆਗਮਾਨ ਹੋ ਰਿਹਾ ਹੈ। ਸਾਹਿਤ ਅਤੇ ਸਮਾਜ ਦੇ ਤੇਜੀ ਨਾਲ ਬਦਲ ਰਹੇ ਦ੍ਰਿਸ਼ ਦਾ ਪ੍ਰਮਾਣਿਕ ਵਿਸ਼ਲੇਸ਼ਣ ਕਰਨ ਲਈ ਪਰੰਪਰਿਕ ਆਲੋਚਨਾ ਨੂੰ ਗੱਦੀ ਤੋਂ ਉਤਾਰਿਆ ਜਾਣਾ ਸੁਭਾਵਕ ਹੈ। ਇਹ ਵੀ ਸੱਚ ਹੈ ਕਿ ਅਸੀਂ ਬੀਤੇ ਸਮੇਂ ਤੋਂ ਪੂਰਨ ਛੁਟਕਾਰਾ ਨਹੀਂ ਪਾ ਸਕਦੇ ਪਰ ਫਿਰ ਵੀ ਭਵਿੱਖ ਲਈ ਤਾਂ ਚਿੰਤਕ ਨੂੰ ਸੁਤੰਤਰ ਹੋਣਾ ਹੀ ਪੈਣਾ। ਅਸਤਿਤਵਵਾਦੀ ਪੱਧਰ 'ਤੇ ਬੋਧ-ਸ਼ਕਤੀ ਦਾ ਅਰਥ ਨਿਸਕ੍ਰਿਆ ਇੰਦਰਾਜ ਨਹੀਂ ਹੁੰਦਾ ਸਗੋਂ ਇਸ ਵਿੱਚ ਚੇਤਨਾ ਅਤੇ ਗ੍ਰਹਿਣ ਕਰਨ ਦੀ ਪ੍ਰਕਿਰਿਆ ਹਮੇਸ਼ਾ ਸ਼ਾਮਲ ਰਹਿੰਦੀ ਹੈ। ਅਰਥ-ਗ੍ਰਹਿਣ ਕਰਨ ਦੀ ਪ੍ਰਕਿਰਿਆ ਵਿੱਚ ਆਲੋਚਕ ਹਮੇਸ਼ਾ ਅੱਗੇ ਵਧ ਰਿਹਾ ਹੁੰਦਾ ਹੈ। ਸਮੇਂ ਦੇ ਸਵਾਦ ਨੂੰ ਪੂਰਾ ਕਰਨ ਵਾਲੀਆਂ ਰਚਨਾਵਾਂ ਤਾਂ ਰਸੋਈ ਦੀ ਤੜਕਾ ਲੱਗੀ ਸਬਜ਼ੀ ਦੇ ਸੁਆਦ ਵਰਗੀਆਂ ਹੁੰਦੀਆਂ ਹਨ। ਇਸ ਲਈ ਨਵੀਂ ਆਲੋਚਨਾ ਦੀ ਦਿਸ਼ਾ ਲਈ ਉਮੀਦਾਂ ਦਾ ਦਿਸਹੱਦਾ ਤਾਂ ਨਿਰਧਾਰਿਤ ਕਰਨਾ ਹੀ ਪਵੇਗਾ।



**ਸਵਾਲ-9.** ਤੁਸੀਂ ਪੰਜਾਬੀ ਦੇ ਪ੍ਰਬੁੱਧ ਆਲੋਚਕ ਹੋਣ ਦੇ ਨਾਲ-ਨਾਲ ਇਕ ਖ਼ੂਬਸੂਰਤ ਸ਼ਾਇਰ ਵੀ ਹੋ। ਆਲੋਚਨਾ ਦਾ ਬੌਧਿਕ ਕਾਰਜ ਕਰਦਿਆਂ ਤੁਹਾਡੇ ਅੰਦਰ ਕਿੰਨ੍ਹਾਂ ਪਲਾਂ ਵਿਚ ਸ਼ਾਇਰੀ ਦਾ ਫੁੱਲ ਖਿੜਨ ਲੱਗਦਾ ਹੈ ? ਕੀ ਇਨ੍ਹਾਂ ਦੋਵਾਂ ਵਿਧਾਵਾਂ ਦਾ ਇਕ-ਦੂਜੀ ਉਪਰ ਕੋਈ ਚੰਗਾ-ਮਾੜਾ ਅਸਰ ਵੀ ਪੈਂਦਾ ਹੈ ?

**ਜਵਾਬ**:- ਮੇਰਾ ਸਾਹਿਤਕ ਪੈਂਡਾ ਤਾਂ ਕਵਿ/ਗੀਤ ਸਿਰਜਣਾ ਤੋਂ ਸ਼ੁਰੂ ਹੋਇਆ ਸੀ। ਅੱਜ ਵੀ ਜਦੋ ਭਾਵਾਂ ਵਿੱਚ ਭੂਚਾਲ ਜਿਹਾ ਆਉਂਦਾ ਤਾਂ ਕਵਿ/ਗੀਤ ਲਿਖਿਆ ਜਾਂਦਾ ਹੈ। ਮੇਰੀਆਂ ਸਾਰੀਆਂ ਕਵਿਤਾਵਾਂ ਲੈਅ-ਆਤਮਕ ਹਨ। 'ਕਿਨ ਵੱਟੀਂ ਸਚੁ ਤੁਲੈ' ਕਾਵਿ ਸੰਗ੍ਰਹਿ 2010 ਵਿੱਚ ਪ੍ਰਕਾਸ਼ਿਤ ਹੋਇਆ। ਲੈਅ ਨੂੰ ਵੀ ਵੱਟਿਆਂ ਨਾਲ ਤੋਲਿਆ ਨਹੀਂ ਜਾ ਸਕਦਾ। ਦੂਸਰਾ ਸੰਗ੍ਰਹਿ 'ਕਵਿਤਾ ਕਰਵਟ ਲੈਂਦੀ ਹੈ' ਵਿੱਚ ਕਾਵਿ-ਯਾਤਰਾ ਹੋਰ ਪ੍ਰੋੜ ਹੋਈ। ਤੀਸਰਾ ਕਾਵਿ-ਸੰਗ੍ਰਹਿ 'ਦਾਮਿਨੀ' ਦਿੱਲੀ ਵਿਖੇ ਹੋਈ ਦਰਿੰਦਗੀ ਤੋਂ ਪੀੜਿਤ ਹੋਏ ਹਿਰਦੇ ਦਾ ਪ੍ਰਤਿਫਲ ਹੈ। ਮੇਰਾ ਕਾਵਿ ਉਸ ਸਮੇਂ ਹੋਂਦ ਗ੍ਰਹਿਣ ਕਰਦਾ ਜਦ ਕੋਈ ਘਟਨਾ ਮਨ-ਮਸਤਕ 'ਤੇ ਛਾ ਜਾਵੇ। ਪਰ ਐਮ.ਏ. ਪੰਜਾਬੀ ਦੀਆਂ ਕਲਾਸਾਂ ਨੂੰ ਪੜ੍ਹਾਉਂਦਿਆਂ ਮੇਰਾ ਆਲੋਚਨਾਤਮਕ ਰੁਝਾਨ ਵਧ ਗਿਆ। ਮੈਂ ਪੱਛਮੀ ਆਲੋਚਨਾ ਪ੍ਰਣਾਲੀਆਂ ਬਾਰੇ ਸੇਵਾ ਮੁਕਤੀ ਤੋਂ ਪੰਦਰਾਂ ਸਾਲ ਬਾਅਦ ਵੀ ਡੂੰਘਾਈ ਨਾਲ ਸਮਝਣ ਦੇ ਜਤਨਾਂ ਵਿੱਚ ਹਾਂ। ਇਸ ਸਮਝ ਨੂੰ ਵੰਡਣ ਖਾਤਰ ਹੀ ਮੈਂ 2006 ਤੋਂ ਅੱਜ ਤੱਕ ਐਸ.ਜੀ.ਟੀ.ਬੀ. ਕਾਲਜ, ਸੇਹਕੇ ਦੀ ਆਨਰੇਰੀ ਡਾਇਰੈਕਟਰੀ ਪਰਵਾਨ ਕੀਤੀ ਹੋਈ ਹੈ। ਸੰਖੇਪ ਵਿਚ ਇਹ ਕਿ ਕਾਵਿ-ਮਨ ਨੇ ਮੈਨੂੰ ਕਵੀ ਬਣਾਇਆ ਪਰ ਆਲੋਚਨਾ ਦਾ ਖੇਤਰ ਐਮ.ਏ. ਦੇ ਵਿਦਿਆਰਥੀਆਂ ਦੀ ਦੇਣ ਹੈ। ਕਾਵਿ ਲਿਖਣ ਸਮੇਂ ਆਲੋਚਕ ਇਸ ਲਈ ਬਣਨਾ ਪੈਂਦਾ ਹੈ ਕਿਉਂ ਜੋ ਇਹ ਸੋਚ ਭਾਰੂ ਰਹਿੰਦੀ ਹੈ ਕਿ ਰਚਨਾ ਦਾ ਪਾਠਕ ਮਨ 'ਤੇ ਕੀ ਪ੍ਰਭਾਵ ਪਵੇਗਾ!

**ਸਵਾਲ-10.** ਉਮਰ ਤੇ ਕੁਦਰਤ ਦੀ ਮਰਜ਼ੀ ਅਨੁਸਾਰ ਤੁਸੀਂ ਕਾਫੀ ਸਾਲਾਂ ਤੋਂ 'ਸੁਣਨ ਦੀ ਸਮੱਸਿਆ' ਨਾਲ ਦੋ-ਚਾਰ ਹੋ ਰਹੇ ਹੋ। ਇਸ ਸਮੱਸਿਆ ਕਾਰਨ ਤੁਹਾਨੂੰ ਦੂਜੇ ਬੰਦੇ ਦੀ ਗੱਲ ਸੁਣਨ-ਸਮਝਣ ਵਿਚ ਅਤੇ ਲਿਖਣ-ਪੜ੍ਹਨ ਵਿਚ ਜੋ ਸਮੱਸਿਆਵਾਂ ਆਉਂਦੀਆਂ ਹਨ, ਤੁਸੀਂ ਉਨ੍ਹਾਂ ਨੂੰ ਕਿਵੇਂ ਹੱਲ ਕਰਦੇ ਹੋ ?

**ਜਵਾਬ**:-ਆਪਣਾ ਸੇਵਾ ਮੁਕਤੀ ਤੋਂ ਕੁੱਝ ਸਮਾਂ ਪਹਿਲਾਂ ਹੀ ਮੈਨੂੰ ਉੱਚੀ ਸੁਣਾਈ ਦੇਣ ਲੱਗ ਪਿਆ ਸੀ। ਹੁਣ ਤਾਂ ਹੀਅਰਿੰਗ ਏਡਜ਼ ਨੇ ਵੀ ਕੰਮ ਕਰਨਾ ਬੰਦ ਕਰ ਦਿੱਤਾ ਹੈ। ਇਕ ਵਾਰੀ ਮਾਨਸਾ ਦਾ ਕੈਨੇਡਾ ਪਰਵਾਸੀ ਪਤਾ ਲੱਗਣ ਤੇ ਮੈਨੂੰ ਦੋ ਮਸ਼ੀਨਾਂ ਲੈ

ਆਇਆ ਜੋ 40 ਡੈਸੀਬਲ ਲੌਸ ਦੀਆਂ ਸਨ। ਮੈਨੂੰ ਉਨ੍ਹਾਂ ਨਾਲ ਬਿਲਕੁਲ ਵੀ ਸੁਣਾਈ ਨਾ ਦਿੱਤਾ। ਬੜਾ ਇਲਾਜ ਕਰਵਾਇਆ। ਏਸ਼ੀਆ ਦੇ ਵੱਡੇ ਡਾਕਟਰ ਵੀ ਹੱਥ ਖੜੇ ਕਰ ਗਏ, ਕਾਰਨ ਇਹ ਹੈ ਕਿ ਪਰਦੇ ਠੀਕ ਹਨ। ਅੱਗੋਂ ਦਿਮਾਗ ਨੂੰ ਮੈਸੇਜ਼ ਘੱਲਣ ਵਾਲੀਆਂ ਨਸਾਂ ਕਮਜ਼ੋਰ ਪੈ ਗਈਆਂ ਹਨ। ਜਿਨ੍ਹਾਂ ਦਾ ਆਪ੍ਰੇਸ਼ਨ ਮੌਤ ਨੂੰ ਸੱਦਾ ਦੇਣ ਬਰਾਬਰ ਹੈ। ਸਾਹਿਤਕਾਰ ਮਿੱਤਰ ਦੋਸਤ ਆਉਂਦੇ ਹਨ। ਕਾਪੀ ਲਾ ਰੱਖੀ ਹੈ। ਉਹ ਲਿਖ ਦਿੰਦੇ ਹਨ। ਮੈਂ ਜਵਾਬ ਦੇ ਦਿੰਦਾ ਹਾਂ। ਲਿਖਣ ਪੜ੍ਹਨ ਵਿੱਚ ਕੋਈ ਦਿੱਕਤ ਨਹੀਂ ਆਉਂਦੀ। ਸਗੋਂ ਮਨ ਬਾਹਰਲੇ ਸੋਰ ਤੋਂ ਬਚਿਆ ਰਹਿੰਦਾ ਹੈ। ਲਿਖਣ ਪੜ੍ਹਨ ਵਿੱਚ ਇਕਾਗਰਤਾ ਬਣਦੀ ਹੈ। ਜ਼ਿਆਦਾ ਲਿਖਣ ਪੜ੍ਹਨ ਕਾਰਨ ਸਰਵਾਈਕਲ ਹੋ ਗਿਆ ਸੀ, ਜਿਸ ਦਾ ਮਸਲਾ ਬਾਈ ਪਾਸ ਹਾਰਟ ਸਰਜਰੀ ਨਾਲ ਹੱਲ ਹੋ ਗਿਆ ਹੈ। ਤੁਹਾਡੀ ਕਹਾਣੀ 'ਮਜ਼ਾਕ ਦੀ ਹੱਦ ਨਹੀਂ ਹੁੰਦੀ' ਯਾਦ ਆਉਂਦੀ ਹੈ। ਅਜਿਹੇ ਮਖੌਲ ਅਪਾਹਜਾਂ ਨੂੰ ਹੋ ਹੀ ਜਾਇਆ ਕਰਦੇ ਨੇ। ਸੰਨ 2002 ਦੇ ਅਕਤੂਰ ਮਹੀਨੇ ਦੀ ਗੱਲ ਐ। ਮੈਂ ਡਾ. ਐੱਸ ਤਰਸੇਮ ਦੀ ਉਂਗਲ ਫੜੀਂ ਦਫ਼ਤਰ ਵੱਲ ਲਿਜਾ ਰਿਹਾ ਸੀ। ਕਿਸੇ ਨੇ ਮਜ਼ਾਕ ਕੀਤਾ 'ਪੰਜਾਬੀ ਵਿਭਾਗ ਵਿੱਚ ਅੰਨ੍ਹੇ ਨੂੰ ਬੋਲਾ ਘੜੀਸੀਂ ਫਿਰਦੈ।' ਇਹ ਦੋਵਾਂ ਦੀ ਸਰੀਰਕ ਅਪਾਹਜਤਾ ਦਾ ਸੱਚ ਤਾਂ ਸੀ ਪਰ ਇਹ ਅਕਾਦਮਿਕ ਸੱਚ ਨਹੀਂ ਸੀ, ਕਿਉਂ ਜੋ ਇੱਕ ਨੇਤਰਹੀਣ ਅਤੇ ਕੰਨਹੀਣ ਦੇ ਸਮੇਂ ਹੀ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ ਵਿਚੋਂ 5 ਵਰ੍ਹੇ ਗੋਲਡ ਮੈਡਲ (ਫਸਟ ਕਲਾਸ ਫਸਟ) ਪ੍ਰਾਪਤ ਕੀਤੇ ਸਨ। ਉਨ੍ਹਾਂ ਤੋਂ ਬਾਅਦ 2017 ਤੱਕ ਸ਼ਾਇਦ ਇਹ ਸੰਭਵ ਨਹੀਂ ਹੋ ਸਕਿਆ।

**ਸਵਾਲ**-11. ਲੋਕ-ਧਾਰਨਾ ਹੈ ਕਿ ਬਹੁਤੇ ਪੰਡਿਤ ਮੋਨੇ ਤੇ ਕਲੀਨ-ਸ਼ੇਵ ਹੁੰਦੇ ਹਨ। ਪਰ ਤੁਸੀਂ ਇਕ ਦਾੜ੍ਹੀ-ਕੇਸਾਂ ਤੇ ਪੱਗ ਵਾਲੇ ਸਾਬਤ ਸੂਰਤ ਸਰਦਾਰ ਮਨੁੱਖ ਹੋ। ਮਨੁੱਖ ਦੀ ਸਮਾਜਿਕ, ਧਾਰਮਿਕ, ਜਾਤੀਗਤ ਤੇ ਸਖਸ਼ੀ ਪਛਾਣ ਦੇ ਸੰਦਰਭ ਵਿਚ ਤੁਸੀਂ ਆਪਣੀ ਦਿੱਖ ਅਤੇ ਸ਼ਖਸ਼ੀਅਤ ਨੂੰ ਕਿਸ ਕੋਟੀ ਵਿਚ ਰੱਖ ਕੇ ਆਪਣੀ ਸ਼ਨਾਖਤ ਕਰਦੇ ਹੋ ?

**ਜਵਾਬ**:- ਇਸ ਪ੍ਰਸ਼ਨ ਦਾ ਉੱਤਰ ਮੇਰੀ ਕਵਿਤਾ ਦਿੰਦੀ ਹੈ :

ਧਰਮ ਚੰਦ ਕਿੱਥੇ ਹੈ ?
ਧਰਮ ਚੰਦ ਪੰਜਾਬੀ ਹੈ/ ਦਸਤਾਰ ਸਜਾਂਦਾ ਹੈ/
ਕੇਸਾਧਾਰੀ ਹੈ/ ਗੁਰਮੁਖਾਂ ਵਾਂਗ/
ਪਰਸੂ-ਸਮਾਨ/ ਗੁਰਬਾਣੀ ਪੜ੍ਹਦਾ ਹੈ/ ਪੜ੍ਹਾਉਂਦਾ ਹੈ/



ਪੜ੍ਹਦਾ ਹੈ/ ਗੀਤਾ ਵੀ, ਰਾਮਾਇਣ ਵੀ/
ਕੁਰਾਨ ਤੇ ਬਾਈਬਲ ਦਾ ਅਨੁਵਾਦ ਵੀ/
ਬੈਂਕ ਜਾਂਦਾ ਹੈ/ ਵਿਦਡਰਾਅਲ ਭਰਦਾ ਹੈ/
ਕੈਸ਼ੀਅਰ ਨਜ਼ਰ ਉਠਾਂਦਾ ਹੈ
ਪੁੱਛਦਾ ਹੈ/ ਧਰਮ ਚੰਦ ਕਿੱਥੇ ਹੈ ?
ਅੱਛਾ! ਅੱਛਾ ! ਤੁਸੀਂ ਹੋ !
ਦੁਬਾਰਾ ਹਸਤਾਖ਼ਰ ਕਰੋ।
ਉਹ ਸੰਗਤ ਵਿੱਚ/ ਜਾਂਦਾ ਹੈ
ਕੁੱਝ ਪ੍ਰਾਣੀ/ ਘੁਸਰ-ਮੁਸਰ ਕਰਦੇ ਨੇ/
'ਬਹੁ ਰੂਪ ਹੈ/ ਨਾਂ ਨਹੀਂ ਮਿਲਦਾ
ਆਪਣੇ ਨਾਲ'।
ਦੂਜੀ ਥਾਂ ਜਾਂਦਾ ਹੈ/ਕਾਨਾ ਫੂਸੀ ਹੁੰਦੀ ਹੈ
'ਇਹ ਦਾ ਤਾਂ ਬਈ/ ਭੇਖ ਨਹੀਂ ਰਲਦਾ
ਆਪਣੇ ਨਾਲ।'
ਅਗੰਮ ਤੋਂ ਗੂੰਜਦੀ ਹੈ
ਯੁੱਗ-ਪਰਵਰਤਕ
ਸਰਬ-ਸਾਂਝੇ ਬਾਬੇ!
ਦੀ ਅਵਾਜ਼-
'ਭੋਲਿਓ ਲੋਕੋ/ਬਾਣੀ ਨਹੀਂ ਪੜ੍ਹਦੇ
'ਭੇਖ ਵਰਨ/ ਦੀਸਹਿ ਸਭਿ ਖੇਹ'
ਇਤਿਹਾਸ ਨਹੀਂ ਪੜ੍ਹਦੇ/ ਉਸ ਬਾਬੇ ਦੇ
ਪੋਤੇ ਦਾ ਨਾਂ/ ਧਰਮ ਚੰਦ ਸੀ।
ਲਖਮੀ ਦਾਸ ਦਾ / ਕਹਿੰਦੇ 'ਜੋ ਫਰਜੰਦ ਸੀ।
ਗੱਡੀ 'ਤੇ ਜਿਉਂ/ ਨੰਬਰ ਲਾਉਣ ਦੀ ਸਖ਼ਤੀ ਐ
ਦੇਹ ਦੀ ਕੁਟੀਆ/ਬਾਹਰ/ਨਾਂ ਦੀ ਤਖਤੀ ਐ।
ਨਾਵਾਂ, ਭੇਖਾਂ ਦੇ/ਰੂਪਾਂ 'ਚ/ਬੰਦੇ ਦੀ ਪਹਿਚਾਣ।
ਸੀਮਿਤ ਹੋ ਜਾਂਦੀ/

ਬੰਦੇ ਵਜੋਂ ਪਹਿਚਾਣ/ਬੰਦੇ ਦੀ ਖੋ ਜਾਂਦੀ ਹੈ।

**ਸਵਾਲ**-12. 'ਅਸਤਿਤਵੀ' ਪੁਸਤਕ ਵਿਚ ਮੇਰੀ ਕਹਾਣੀ 'ਖ਼ਤ ਲਈ ਸ਼ੁਕਰੀਆ' ਦਾ ਵਿਸ਼ਲੇਸ਼ਣ ਕਰਦਿਆਂ ਤੁਸੀਂ ਇਕ ਥਾਂ ਲਿਖਿਆ ਹੈ 'ਨਵੇਂ ਸੰਚਾਰ ਸਾਧਨਾਂ ਦੁਆਰਾ ਈ-ਲੋਕਧਾਰਾ' ਨਾਂ ਦੀ ਨਵੀਂ ਲੋਕਧਾਰਾ ਹੋਂਦ ਵਿਚ ਆ ਰਹੀ ਹੈ! ਇਸ ਟਿੱਪਣੀ ਦਾ ਖੁਲਾਸਾ ਕਰਦੇ ਹੋਏ ਇਹ ਵੀ ਸਪਸ਼ਟ ਕਰੋ ਕਿ ਸਾਹਿਤ, ਸਮਾਜ ਤੇ ਸਿਰਜਣਾ ਦੇ ਖੇਤਰ ਵਿਚ ਹੋਰ ਕਿੰਨ੍ਹਾ-ਕਿੰਨ੍ਹਾ ਵਰਤਾਰਿਆਂ ਨਾਲ 'ਈ' ਲੱਗ ਕੇ ਉਨ੍ਹਾਂ ਦੀ ਰੂਪਰੇਖਾ ਬਦਲ ਰਹੀ ਹੈ ?

**ਜਵਾਬ**:- ਰਾਣਾ ਜੀ! ਤੁਹਾਡੀ 'ਖ਼ਤ ਲਈ ਸ਼ੁਕਰੀਆ' ਕਹਾਣੀ ਵਿੱਚ ਤੁਸਾਂ ਪੁਰਾਣੇ ਸੰਚਾਰ ਸਾਧਨਾਂ ਤੋਂ ਲੈ ਕੇ ਉੱਤਰ ਆਧੁਨਿਕ ਸੰਚਾਰ ਸਧਨਾਂ ਤੱਕ ਪਾਠਕਾਂ ਦੀ ਬੜੀ ਸੂਝ ਬੂਝ ਨਾਲ ਜਾਣਕਾਰੀ ਕਰਵਾਈ ਹੈ। ਸ੍ਰੀ ਅੰਮ੍ਰਿਤਸਰ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਇੱਕ ਵਿਦਿਅਰਥੀ ਦੀ ਪੁਸਤਕ 'ਉੱਤਰ-ਆਧੁਨਿਕਤਾ ਅਤੇ ਈ-ਲੋਕਧਾਰਾ' ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ। ਇਸ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਈ-ਲੋਕਧਾਰਾ ਦੇ ਪ੍ਰਵੇਸ਼ ਨਾਲ ਇੱਕ ਨਵੇਂ ਯੁੱਗ ਦਾ ਆਰੰਭ ਹੋਇਆ ਹੈ ਜਿਸ ਨੂੰ ਉੱਤਰ-ਆਧੁਨਿਕਤਾ ਕਿਹਾ ਜਾਂਦਾ ਹੈ। ਖੋਜ-ਵਿਦਿਆਰਥੀ ਨੇ ਸਿੱਧ ਕੀਤਾ ਹੈ ਕਿ ਉਦਯੋਗਪਤੀਆਂ ਨੇ ਇਲੈਕਟਰਾਨਿਕ ਸਾਧਨਾਂ ਦੁਆਰਾ ਵਿਗਿਆਪਨਾਂ ਦੀ ਵਰਤੋਂ ਕਰਕੇ ਉਪਯੋਗੀ ਸਭਿਆਚਾਰ ਪੈਦਾ ਕੀਤਾ ਜੋ ਉਨ੍ਹਾਂ ਦੇ ਹਿੱਤਾਂ ਦੀ ਪੂਰਤੀ ਕਰਦਾ ਹੈ। ਕੋਈ ਵੀ ਜਾਣਕਾਰੀ ਇਕ ਕਲਿੱਕ ਦੂਰ ਰਹਿ ਗਈ ਹੈ। ਈ-ਲੋਕਧਾਰਾ 'ਤੇ ਕੋਈ ਸੈਂਸਰ ਨਹੀਂ, ਅਜੋਕੇ ਸਮਾਜਿਕ ਮੀਡੀਏ ਵਿੱਚ ਐਸ.ਐਮ.ਐਸ., ਫੇਸ ਬੁੱਕ, ਵਟਸਐਪ, ਟਵਿਟਰ, ਯੂ-ਟਿਊਬ ਬਾਰੇ ਲੇਖਕ ਨੇ ਚਰਚਾ ਕੀਤੀ ਹੈ। ਉਸ ਪੁਸਤਕ ਦੇ ਲੇਖਕ ਗੁਰਪ੍ਰੀਤ ਸਿੰਘ ਬੁੱਟਰ ਨੇ ਇਸ ਅਧਿਐਨ ਦੇ ਘੇਰੇ ਵਿੱਚ ਮੋਬਾਇਲ ਫੋਨ ਦੀ ਲੋਕਧਾਰਾ 'ਤੇ ਵਿਸਤ੍ਰਿਤ ਚਰਚਾ ਕੀਤੀ ਹੈ। ਜਿਸ ਵਿੱਚ ਸਮਾਜਿਕ ਯਥਾਰਥ, ਰਾਜਨੀਤਿਕ ਸਥਿਤੀ ਬਨਾਮ ਲੋਕ-ਪ੍ਰਤੀ ਉਤਰ, ਧਾਰਮਿਕ, ਲੋਕ ਵਿਸ਼ਵਾਸ, ਲੋਕ ਧਰਮ, ਸਮਾਜਿਕ ਆਰਥਿਕ ਸਥਿਤੀ, ਸਮਾਜਿਕ ਚੇਤਨਾ, ਲੋਕ ਸਿਆਣਪਾਂ ਅਤੇ ਲੋਕ ਕਥਨ, ਚੁਟਕਲੇ, ਹਾਸਰਸ, ਬੁਝਾਰਤਾਂ, ਵਿਰਾਸਤ ਬੌਧਿਕ ਚੇਤਨ, ਵਿਅੰਗਾਤਮਕ, ਸਭਿਆਚਾਰਕ ਆਦਿ ਹਰ ਕਿਸਮ ਦੇ ਸੰਦੇਸ਼ਾਂ ਬਾਰੇ ਢੁਕਵੀਆਂ ਉਦਾਹਰਨਾਂ ਅਤੇ ਚਿੱਤਰਾਂ ਸਾਹਿਤ ਪੇਸ਼ਕਾਰੀ ਕੀਤੀ ਹੈ। ਉਸ ਦੇ ਨਿਗਰਾਨ ਡਾ. ਗੁਰਮੀਤ ਸਿੰਘ ਦਾ ਕਹਿਣਾ ਹੈ 'ਈ-ਲੋਕਧਾਰਾ' ਦਾ ਸੰਕਲਪ ਹੀ ਗੁਰਪ੍ਰੀਤ ਸਿੰਘ ਦੀ ਕਾਢ ਹੈ।' ਬਾਕੀ ਈ.ਮੇਲ., ਈ-



ਗਵਰਨੈੱਸ, ਈ-ਪੋਰਟਲ, ਈ-ਬੁੱਕਸ, ਈ-ਮੈਗਜ਼ੀਨ ਬਾਰੇ ਤੁਸੀਂ ਪਹਿਲਾਂ ਹੀ ਵਾਕਫ਼ ਹੋ।

**ਸਵਾਲ**-13. ਤੁਹਾਡੀ ਭਾਸ਼ਾ ਵਿਚ ਗੱਲ ਕਰਾਂ ਤਾਂ ਅੱਜ ਦਾ ਯੁੱਗ 'ਈ-ਯੁੱਗ' ਹੈ। ਇਸ ਯੁੱਗ ਵਿਚ ਈ-ਸਾਧਨਾਂ ਨਾਲ ਲੈਸ ਪੰਜਾਬੀ ਮਨੁੱਖ ਨੂੰ ਖਾਸ ਕਰਕੇ ਨਵੀਆਂ ਪੀੜ੍ਹੀਆਂ ਨੂੰ ਸਾਹਿਤ, ਸਿਰਜਣਾ ਤੇ ਪੁਸਤਕ ਸੱਭਿਆਚਾਰਕ ਨਾਲ ਜੋੜੀਂ ਰੱਖਣ ਲਈ ਕੀ ਕੁਝ ਕਰਨ ਅਤੇ ਨਾ ਕਰਨ ਦੀ ਲੋੜ ਹੈ?

**ਜਵਾਬ**:-ਰਾਣਾ ਜੀ, ਉੱਤਰ-ਆਧੁਨਿਕ ਯੁੱਗ ਈ-ਯੁੱਗ ਹੈ। ਜਦੋਂ ਆਪਾਂ ਕਹਿੰਦੇ ਹਾਂ ਅੱਜ ਦਾ ਯੁਵਕ ਵਿਹਲਾ ਹੈ। ਮੈਂ ਵਿਅੰਗ ਨਾਲ ਕਹਿੰਦਾ ਹਾਂ, ਵਿਹਲਾ ਕਿੱਥੇ ਹੈ। ਉਹ ਤਾਂ ਆਪਣੇ ਮੋਬਾਈਲ 'ਤੇ ਰੁੱਝਿਆ ਹੋਇਆ ਹੈ। ਬਸਾਂ, ਗੱਡੀਆਂ, ਬਾਜ਼ਰਾਂ ਇੱਥੋਂ ਤੱਕ ਕਿ ਸਾਈਕਲਾਂ, ਸਕੂਟਰਾਂ, ਖਾਣਾ ਖਾਂਦਿਆਂ ਤੋਂ ਲੈ ਕੇ ਜਦ ਤੱਕ ਨੀਂਦ ਨਹੀਂ ਆਉਂਦੀ ਉਹ ਸਾਰਾ ਸਮਾਂ ਰੁੱਝਿਆ ਰਹਿੰਦਾ ਹੈ। ਅਜਿਹੇ ਮਾਹੌਲ ਵਿੱਚ ਸਾਹਿਤ ਅਤੇ ਲਿਖਣ ਪੜ੍ਹਨ, ਸਿਰਜਣਾ ਨਾਲ ਜੋੜੀ ਰੱਖਣ ਲਈ ਨਵੀਂ ਪੀੜ੍ਹੀ ਨੂੰ ਆਦਰਸ਼ ਅਧਿਆਪਕ ਹੀ ਯੋਗਦਾਨ ਪਾ ਸਕਦੇ ਹਨ। ਹੋਰ ਕੋਈ ਹੀਲਾ ਨਹੀਂ। ਆਮ ਲੋਕੀ ਵੀ ਅਤੇ ਯੁਵਕ ਵੀ ਰੁਜ਼ਗਾਰ ਲੋੜਦੇ ਹਨ। ਨੌਕਰੀ ਲਈ ਟੈਸਟ ਪੁਸਤਕ-ਕੇਂਦਰਿਤ ਕਰ ਦਿਉ। ਆਪੇ ਨਵੀਂ ਪੀੜ੍ਹੀ ਕਿਤਾਬੀ-ਸਭਿਆਚਾਰ ਨਾਲ ਜੁੜੇਗੀ। ਗੌਂ ਭੁਨਾਵੇ ਜੌਂ, ਭਾਵੇਂ ਗਿੱਲੇ ਹੀ ਹੋਣ। ਗਾਈਡ-ਕਲਚਰ ਜਾਂ ਰੈਡੀਮੇਡ ਗਿਆਨ-ਫੂਡ ਸਮਾਪਤ ਹੋਣਾ ਚਾਹੀਦਾ ਹੈ। ਅੱਜ ਦੇ 90% ਗ੍ਰੈਜੂਏਟ ਕੇਵਲ ਪੰਜ ਗਾਈਡਾਂ ਪਾਸ ਹਨ। ਉਹਨਾਂ ਚੋਂ ਬਹੁਤੇ ਤਾਂ ਸਲੇਬਸ ਵਿੱਚ ਲੱਗੀਆਂ ਪੁਸਤਕਾਂ ਦੇ ਨਾਮ ਵੀ ਨਹੀਂ ਜਾਣਦੇ।

**ਸਵਾਲ**-14. ਤੁਸੀਂ ਬਤੌਰ ਪੰਜਾਬੀ ਪ੍ਰੋਫੈਸਰ ਸਰਕਾਰੀ ਕਾਲਜ ਮਲੇਰਕੋਟਲਾ ਤੋਂ ਸੇਵਾ-ਮੁਕਤ ਹੋਏ ਹੋ। ਇਸ ਤੋਂ ਬਾਅਦ ਵੀ ਤੁਸੀਂ ਕੁਝ ਸਿੱਖਿਆ ਸੰਸਥਾਵਾਂ ਨਾਲ ਜੁੜੇ ਰਹੇ ਹੋ। ਆਪਣੇ ਅਧਿਆਪਨ ਕਾਰਜ ਦੀ ਸ਼ੁਰੂਆਤ ਤੋਂ ਲੈ ਕੇ ਇਸ ਖੇਤਰ ਨਾਲ ਜੁੜੀਆਂ ਯਾਦਾਂ, ਅਨੁਭਵਾਂ ਤੇ ਪ੍ਰਾਪਤੀਆਂ ਦਾ ਵੀ ਜ਼ਿਕਰ ਕਰੋ ?

**ਜਵਾਬ**:- ਆਪਣੇ ਅਧਿਆਪਨ ਕਾਰਜ ਵਿੱਚ ਸਕੂਲ/ਕਾਲਜ ਦੋਵਾਂ ਦਾ ਅਨੁਭਵ ਪ੍ਰਾਪਤ ਹੈ। ਮੇਰੀ ਅਕਾਦਮਿਕ ਯੋਗਤਾ ਵਿੱਚ ਲਗਾਤਾਰ 7 ਫਸਟ ਕਲਾਸਾਂ, ਇਕ ਫਸਟ ਕਲਾਸ ਫਸਟ (ਗੋਲਡਮੈਡਲਿਸਟ) ਯੋਗਤਾ ਹੈ। ਲੋਕ ਸੇਵਾ ਕਮਿਸ਼ਨ ਦੀ ਇੰਟਰਵਿਊ ਸਮੇਂ ਹੀ ਮੈਨੂੰ ਮਹਿਸੂਸ ਹੋ ਗਿਆ ਸੀ, ਮੇਰੀ ਚੋਣ ਅਵੱਸ਼ ਹੋਵੇਗੀ। ਕਾਲਜ ਵਿੱਚ ਸੇਵਾ ਕਰਦਿਆਂ ਮੈਂ ਕਦੇ ਵੀ ਪੀਰੀਅਡ ਨਹੀਂ ਛੱਡਿਆ। ਜੇ ਪੀਰੀਅਡ ਦੌਰਾਨ ਕੋਈ ਦਫਤਰ ਵੀ ਬੁਲਾਉਂਦਾ ਸੀ ਤਾਂ ਪੀਅਨ ਨੂੰ ਕਹਿ ਦਿੰਦਾ ਸੀ, ਪੀਰੀਅਡ ਖਤਮ ਹੁੰਦੇ ਸਾਰ ਪਹਿਲੀ ਵਿਹਲ ਵਿਚ ਮਿਲ ਸਕਾਂਗਾ। ਇੱਕ ਵਾਰ ਇੱਕ ਪ੍ਰਿੰਸੀਪਲ ਕਹਿੰਦਾ

ਤੁਸੀਂ ਤੀਸਰਾ ਪੀਰੀਅਡ ਨਹੀਂ ਲਾਇਆ। ਮੈਂ ਕਿਹਾ ਮੈਂ ਲਾਇਆ। ਪੜਤਾਲ ਕਰ ਲਵੋ। ਤੀਸਰੇ ਦਿਨ ਪ੍ਰਿੰਸੀਪਲ ਨੇ ਪੜਤਾਲ ਉਪਰੰਤ ਸੌਰੀ ਫੀਲ ਕੀਤਾ। ਮੈਂ ਸੇਵਾ ਮੁਕਤੀ ਤੋਂ ਅੱਜ ਤੱਕ ਐਸ.ਜੀ.ਟੀ.ਬੀ. ਕਾਲਜ, ਸੇਹਕੇ (ਮਾਲੇਰਕੋਟਲਾ) ਨਾਲ ਆਨਰੇਰੀ ਡਾਇਰੈਕਟਰ ਵਜੋਂ ਜੁੜਿਆ ਆ ਰਿਹਾ ਹਾਂ। 200 ਸੀਟਾਂ ਬੀ.ਐਡ. ਦੀਆਂ ਹਨ। ਲਗਭਗ 175 ਲੜਕੀਆਂ ਹੁੰਦੀਆਂ ਹਨ। ਮੈਨੂੰ ਜਦ ਵੀ ਅਵਸਰ ਮਿਲਦਾ ਹੈ ਬੇਟੀਆਂ ਨੂੰ ਕਹਿੰਦਾ ਹਾਂ ਕਿ ਉਹ ਆਪਣੀ ਚੰਗੇਰੀ ਯੋਗਤਾ ਨਾਲ ਆਪਣੇ ਅਸਤਿਤਵ ਦੀ ਸੰਭਾਲ ਕਰਨ। ਬੀ.ਐਡ. ਕਰਨ ਉਪਰੰਤ ਜੋ ਵਿਦਿਆਰਥੀ ਟੀ.ਈ.ਟੀ. ਕਲੀਅਰ ਨਹੀ. ਕਰ ਸਕਦੇ, ਉਨ੍ਹਾਂ ਨੂੰ ਸਰਕਾਰੀ ਨੌਕਰੀ ਨਹੀਂ ਮਿਲ ਸਕਦੀ। ਇਸੇ ਲਈ ਮੈਂ ਹਮੇਸ਼ਾਂ ਉਨ੍ਹਾਂ ਨੂੰ ਨਸੀਹਤ ਕਰਦਾ ਹਾਂ ਕਿ ਟੀ.ਈ.ਟੀ. ਦੇ ਪ੍ਰਸ਼ਨ ਪੁਸਤਕਾਂ ਵਿਚੋਂ ਹੀ ਪੁੱਛੇ ਜਾਂਦੇ ਹਨ। ਇਸ ਲਈ ਘੋਟੇ ਨਾਲ ਮਸ਼ਹੂਰ ਪ੍ਰਸ਼ਨ ਯਾਦ ਕਰਕੇ ਪ੍ਰੀਖਿਆ ਪਾਸ ਕਰਨ ਦੀ ਥਾਂ ਸਾਰੀ ਪੁਸਤਕ ਵਿਚਲੇ ਵਿਚਾਰਾਂ ਨੂੰ ਗ੍ਰਹਿਣ ਕਰੋ। ਅੱਜ ਤੱਕ ਵੀ ਸਰਕਾਰੀ ਕਾਲਜ ਮਾਲੇਰਕੋਟਲਾ ਵਿਖੇ ਕਠਿਨ ਵਿਸ਼ਿਆਂ 'ਤੇ ਵਿਸਥਾਰ ਲੈਕਚਰ ਦਿੰਦਾ ਰਹਿੰਦਾ ਹਾਂ। ਇਸ ਕਾਲਜ ਨੇ ਮੈਨੂੰ ਸੇਵਾ ਮੁਕਤੀ 'ਤੇ ਅਕਦਾਮਿਕ ਅਵਾਰਡ ਨਾਲ ਸਨਮਾਨਿਤ ਕੀਤਾ। ਇੱਕ ਸਾਲ ਬਾਅਦ ਵੀ ਗੈਸਟ ਫੈਕਲਟੀ ਵਜੋਂ ਸੇਵਾ ਕਰਨ ਦਾ ਅਵਸਰ ਪ੍ਰਦਾਨ ਕੀਤਾ। ਵਿਦਿਆਰਥੀਆਂ ਨੂੰ ਪੰਜਾਬੀ ਲਿਖਤ ਵਿੱਚ ਲਗਾਂ ਮਾਤਰਾ ਦੀਆਂ ਗਲਤੀਆਂ ਕਰਨ 'ਤੇ ਘੂਰਨ ਦੀ ਆਦਤ ਤੋਂ ਮੈਂ ਹਟ ਨਹੀਂ ਸਕਿਆ। ਕਈ ਵਿਦਿਆਰਥੀ ਘੂਰਨ 'ਤੇ ਨਾਰਾਜ਼ ਵੀ ਹੋ ਜਾਂਦੇ ਹਨ। ਟੀਚਿੰਗ ਪ੍ਰੈਕਟਿਸ ਦੇ ਦਿਨਾਂ ਵਿੱਚ ਇੰਚਾਰਜ ਪ੍ਰੋਫੈਸਰ ਨੇ ਗੀਤਾਂ ਦੀ ਮਹਿਫ਼ਲ ਦੀ ਥਾਂ 'ਗੀਤ ਦੀ ਮਹਿਫਲ' ਠੀਕ ਕੀਤਾ ਹੋਇਆ ਸੀ। ਮੈਂ ਘੂਰ ਬੈਠਾ। ਉਹ ਦੂਜੇ ਦਿਨ ਤਿਆਗ ਪੱਤਰ ਦੇ ਕੇ ਚਲਿਆ ਗਿਆ। ਬਾਕੀ ਵਿਸਤ੍ਰਿਤ ਯਾਦਾਂ ਤਾਂ ਮੈਂ ਆਪਣੀ ਸਵੈ-ਜੀਵਨੀ ਵਿੱਚ ਹੀ ਦੇ ਸਕਾਂਗਾ।

**ਸਵਾਲ**-15. ਡਾ. ਸਾਹਿਬ! ਦਿਲ ਦਾ ਮਾਮਲਾ ਬੜਾ ਨਾਜ਼ੁਕ ਹੁੰਦਾ ਹੈ। ਪਿੱਛੇ ਜਿਹੇ ਤੁਹਾਡੇ ਦਿਲ ਦਾ ਆਪਰੇਸ਼ਨ ਹੋਇਆ ਹੈ। ਇਸ ਵਰਤਾਰੇ ਨਾਲ ਜੁੜੇ ਅਨੁਭਵ ਤੇ ਅਹਿਸਾਸ ਸਾਂਝੇ ਕਰਦਿਆਂ ਇਹ ਦੱਸੋ ਕਿ ਟੁੱਟੇ ਦਿਲ ਦਾ ਤੁਹਾਡੇ ਸੁਭਾਅ, ਸਰੀਰ, ਸੋਚ ਤੇ ਪੜ੍ਹਨ-ਲਿਖਣ ਦੀ ਪ੍ਰਕਿਰਿਆ ਉਪਰ ਕੀ ਚੰਗਾ-ਮਾੜਾ ਪ੍ਰਭਾਵ ਪਿਆ ਹੈ ?

**ਜਵਾਬ**:- ਦਰਅਸਲ ਰਾਣਾ ਜੀ, ਮੈਂ ਸਾਹਿਤਕ ਖੇਤਰ ਵਿੱਚ ਵਿਲੱਖਣ ਕਾਰਜ ਕਰਨਾ ਚਾਹੁੰਦਾ ਸੀ। ਇਸੇ ਲਈ ਮੈਂ ਤਿੰਨ ਮਹੀਨੇ ਲਗਾਤਾਰ 12-14 ਘੰਟੇ ਬੈਠ ਕੇ ਅਸਤਿਤਵਵਾਦੀ ਆਲੋਚਨਾ-ਸਿਧਾਂਤ ਤੇ ਵਿਹਾਰ ਪੁਸਤਕ ਲਿਖੀ। ਤੁਸੀਂ ਵੀ ਐਮ.ਏ.



ਪੰਜਾਬੀ ਅਤੇ ਪੰਜਾਬੀ ਸਾਹਿਤ ਨਾਲ ਗਹਿਰਾਈ ਨਾਲ ਜੁੜੇ ਹੋਏ ਹੋ। ਅਸਤਿਤਵਾਦੀ ਸਰੋਕਾਰਾਂ ਦੀ ਗੱਲ ਤਾਂ ਪੜ੍ਹੀ ਹੋਵੇਗੀ ਪਰ ਨਿਰੋਲ ਅਸਤਿਤਵਵਾਦੀ ਆਲੋਚਨਾ ਅਤੇ ਵਿਹਾਰ ਮੈਥੋਂ ਪਹਿਲਾਂ ਕਿਸੇ ਨੇ ਸ਼ਾਇਦ ਹੀ ਚਿਤਰਿਆ ਹੋਵੇ। ਮੈਂ ਬਾਬਾ ਫ਼ਰੀਦ ਤੋਂ ਲੈ ਕੇ ਜਸਵੀਰ ਰਾਣਾ ਤੱਕ ਵਿਭਿੰਨ ਵਿਧਾਵਾਂ ਦਾ ਅਧਿਐਨ ਇਸ ਆਲੋਚਨਾ ਪ੍ਰਣਾਲੀ ਦੁਆਰਾ, ਆਪਣਾ ਸੂਝ ਮਾਡਲ ਤਿਆਰ ਕਰਕੇ ਕੀਤਾ ਹੈ। ਇਸ ਕਾਰਜ ਨੂੰ ਕਰਦਿਆਂ ਸਰਵਾਈਕਲ ਦੀ ਗੰਭੀਰ ਸਮੱਸਿਆ ਪੈਦਾ ਹੋ ਗਈ। ਡੀ.ਐਮ. ਸੀ. ਵਾਲਿਆਂ ਐਂਜੀਓਗ੍ਰਾਫੀ ਕਰਦਿਆਂ ਵੇਖਿਆ ਕਿ ਦੋਵੇਂ ਖ਼ੂਨ ਦੀਆਂ ਨਸਾਂ ਇੱਕ 95% ਅਤੇ ਦੂਜੀ 90% ਰੁਕ ਚੁੱਕੀ ਸੀ। ਉਨ੍ਹਾਂ ਬਾਈ ਪਾਸ ਹਾਰਟ ਸਰਜਰੀ ਕਰ ਦਿੱਤੀ। ਇਸ ਨਾਲ ਸਰਵਾਈਕਲ ਤਾਂ ਸਮਾਪਤ ਹੋ ਗਿਆ ਪਰ ਛਾਤੀ ਦੇ ਟਾਂਕੇ ਅੱਜ ਡੇਢ ਸਾਲ ਬਾਅਦ ਵੀ ਹੌਲੀ-ਹੌਲੀ ਠੀਕ ਹੋ ਰਹੇ ਹਨ। ਜੇਕਰ ਔਲਾਦ ਨੇ ਸੰਭਾਲ ਕੀਤੀ। ਕੁੱਝ ਸਮਾਂ ਲਿਖਣਾ ਪੜ੍ਹਨਾ ਵੀ ਬੰਦ ਕਰਨਾ ਪਿਆ। ਹੁਣ ਪੜ੍ਹਨ ਲਿਖਣ ਦੀ ਪ੍ਰਕਿਰਿਆ ਵਿੱਚ ਪਹਿਲਾਂ ਵਾਂਗ ਹੀ ਜੁਟ ਜਾਣ ਨੂੰ ਦਿਲ ਕਰਦਾ ਹੈ।

**ਸਵਾਲ**-16. ਲੇਖਕ ਦਾ ਪੜ੍ਹਨ-ਲਿਖਣ ਦਾ ਇਕ ਸਮਾਂ, ਸਥਾਨ ਤੇ ਤਰੀਕਾ ਹੁੰਦਾ ਹੈ। ਤੁਹਾਡਾ ਇਹ ਸਮਾਂ, ਸਥਾਨ ਤੇ ਤਰੀਕਾ ਕੀ ਹੈ ?

**ਜਵਾਬ**:-ਜਦੋਂ ਮੈਂ ਸਵੇਰ ਦੀ ਸੈਰ ਲਈ ਮਾਲੇਰਕੋਟਲਾ ਵਿਖੇ ਨਾਮਧਾਰੀ ਸਮਾਰਕ ਵੱਲ ਜਾਂਦਾ ਹਾਂ ਤਾਂ ਮੈਨੂੰ ਕਵਿਤਾ ਫੁਰਦੀ ਹੈ। ਘਰ ਆ ਕੇ ਨਹਾਉਣ ਤੋਂ ਪਹਿਲਾਂ ਕਵਿਤਾ ਪੂਰੀ ਕਰਦਾ ਹਾਂ ਮਤੇ ਵਿਚਾਰ ਉਡ-ਪੁਡ ਨਾ ਜਾਣ। ਆਲੋਚਨਾ/ਵਿਚਾਰਾਧੀਨ ਪੁਸਤਕਾਂ ਬਾਰੇ ਪੇਪਰ ਲਿਖਣ/ਰਿਵੀਊ ਕਰਨ/ਵਿਚਾਰ ਚਰਚਾ ਵਿੱਚ ਭਾਗ ਲੈਣ ਲਈ ਮੈਂ ਕਿਸੇ ਪੁਸਤਕ ਦਾ ਆਰੰਭ ਤੋਂ ਅੰਤ ਤੱਕ ਅਧਿਐਨ ਕਰਦਾ ਹਾਂ। ਮੈਨੂੰ ਵਿਸੇਸ਼ ਗੱਲਾਂ ਅੰਡਰ ਲਾਈਨ ਕਰਕੇ ਕਿਤਾਬਾਂ ਕਾਲੀਆਂ ਕਰਨ ਦੀ ਆਦਤ ਹੈ। ਹਾਸ਼ੀਏ ਵਿੱਚ ਆਪਣੇ ਵੱਲੋਂ ਟਿੱਪਣੀਆਂ ਲਿਖਦਾ ਜਾਂਦਾ ਹਾਂ। ਫਿਰ ਸਾਰੀਆਂ ਟਿੱਪਣੀਆਂ ਇਕੱਤਰ ਕਰਕੇ ਉਨ੍ਹਾਂ ਨੂੰ ਤਰਤੀਬ ਦੇ ਕੇ ਕਿਸੇ ਪੁਸਤਕ ਬਾਰੇ ਲਿਖਦਾ/ਬੋਲਦਾ ਹਾਂ। ਤਿੰਨ ਸੌ ਤੋਂ ਉਪਰ ਪੁਸਤਕਾਂ ਦਾ ਰਿਵੀਊ ਅਤੇ ਪੰਜਾਹ ਤੋਂ ਉੱਪਰ ਪੇਪਰ ਲਿਖ ਚੁੱਕਾਂ ਹਾਂ। ਪਰ ਸਾਰੀਆਂ ਕਿਤਾਬਾਂ ਅੰਡਰ-ਲਾਈਨ ਅਤੇ ਟਿੱਪਣੀਆਂ ਨਾਲ ਭਰੀਆਂ ਪਈਆਂ ਹਨ। ਮੇਰਾ ਆਪਣਾ ਪੜ੍ਹਨ- ਕਮਰਾ ਵੱਖਰਾ ਹੈ, ਜਿੱਥੇ ਕੁਰਸੀ ਮੇਜ਼ ਲਾ ਕੇ ਮੈਂ ਪੜ੍ਹਦਾ ਲਿਖਦਾ ਰਹਿੰਦਾ ਹਾਂ।

**ਸਵਾਲ**-17. ਅੱਜ-ਕੱਲ ਤੁਸੀਂ ਜਿਸ ਘਰ-ਪਰਿਵਾਰ ਵਿਚ ਰਹਿੰਦੇ ਹੋ ਉਸ ਦੀ ਬਣਤਰ ਦੇ ਸੁਭਾਅ ਬਾਰੇ ਜਾਣਕਾਰੀ ਦਿੰਦੇ ਹੋਏ, ਆਪਣੀ ਹਮਸਫਰ ਵੱਲੋਂ ਤੁਹਾਡੀ ਪਰਿਵਾਰਕ, ਸਮਾਜਿਕ ਤੇ ਸਾਹਿਤਕ ਜ਼ਿੰਦਗੀ ਵਿਚ ਪਾਏ ਯੋਗਦਾਨ ਸਬੰਧੀ ਵੀ ਕੁੱਝ ਗੱਲਾਂ ਕਰੋ ?

**ਜਵਾਬ**:- ਮੈਂ ਅੱਜ ਕੱਲ 496 ਅਜੀਤ ਨਗਰ ਮਾਲੇਰਕੋਟਲਾ ਵਿਖੇ ਰਹਿੰਦਾ ਹਾਂ। ਮੇਰੀ ਹਮਸਫ਼ਰ ਦਾ ਨਾਂ ਕਾਂਤਾ ਦੇਵੀ ਹੈ। ਹਰਨੇਕ ਸੋਹੀ ਬਨਭੌਰੀ (ਮਰਹੂਮ ਗੀਤਕਾਰ) ਨੇ ਮੇਰਾ ਸਿਹਰਾ ਪੜ੍ਹਦਿਆਂ ਕੇਡਾ ਸੱਚ ਕਿਹਾ ਸੀ :-

ਉਣੱਤੀ ਫਰਬਰੀ ਚੜ੍ਹਿਆ ਏ ਦਿਨ ਸੋਹਣਾ/
ਸੁਪਨਾ ਰੰਗਲਾ ਅੱਜ ਹੈ ਪੂਰ ਹੋਇਆ
ਧਰਮ ਚੰਦ ਤੇਰੇ ਦੁੱਧ ਗੀਤਾਂ ਦੇ ਲਈ,
ਕੋਟਾ ਮਿਸ਼ਰੀ ਦਾ ਅੱਜ ਮਨਜ਼ੂਰ ਹੋਇਆ।

ਸਾਹਿਤਕ ਖੇਤਰ ਵਿੱਚ ਵਿਚਰਦਿਆਂ ਸੱਚ ਮੁੱਚ ਹੀ ਮੈਂ ਮਹਿਸੂਸ ਕੀਤਾ ਕਿ ਮੇਰੀ ਪਤਨੀ ਮੇਰੇ ਸਾਹਿਤਕ ਸਫ਼ਰ ਲਈ ਲਾਹੇਵੰਦ ਸਿੱਧ ਹੋਈ। ਮੇਰਾ ਜੀਵਨ ਸਫਲ ਬਣਾਉਣ ਵਿੱਚ ਮੇਰੀ ਪਤਨੀ ਦੀ ਹੱਲਾਸ਼ੇਰੀ ਹੈ। ਕੇਵਲ 200 ਗਜ਼ ਦੇ ਪਲਾਟ ਵਿੱਚ ਦੋ ਮੰਜ਼ਲੇ ਮਕਾਨ ਵਿੱਚ ਅੱਜ ਵੀ ਦੋ ਸਪੁੱਤਰਾਂ, ਦੋ ਨੂੰਹਾਂ, ਦੋ ਪੋਤਿਆਂ, ਇੱਕ ਪੋਤੀ, ਇੱਕ ਪੜੋਤਾ, ਇੱਕ ਪੜੋਤੀ ਨਾਲ ਮੈਂ ਸੰਯੁਕਤ ਪਰਿਵਾਰ ਵਿੱਚ ਰਹਿ ਰਿਹਾ ਹਾਂ। ਸਾਰਿਆਂ ਵਿੱਚ ਸਹਿਸ਼ੀਲਤਾ ਹੈ। ਅਸੀਂ ਇੱਕ ਦੂਜੇ ਤੋਂ ਵੱਖ ਹੋਣ ਦਾ ਕਦੀ ਸੁਪਨਾ ਵੀ ਨਹੀਂ ਲਿਆ। ਮੈਨੂੰ ਸਭ ਪਰਿਵਾਰਿਕ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਗਿਆ ਹੈ। ਇਸ ਨਾਲ ਮੈਨੂੰ ਸਾਹਿਤ ਸਿਰਜਣਾ, ਆਲੋਚਨਾ/ ਖੋਜ ਵਿੱਚ ਖੁੱਲ੍ਹਾਂ ਸਮਾਂ ਮਿਲ ਗਿਆ। ਮੈਂ ਪਹਿਲ ਆਪਣੇ ਵਿਦਿਆਰਥੀਆਂ ਦਾ ਭਵਿੱਖ ਸੰਵਾਰਨ ਨੂੰ ਦਿੱਤੀ। ਇਸੇ ਕਾਰਨ ਆਪਣੇ ਸਿਰਜੇ, ਸੰਪਾਦਨ ਅਤੇ ਆਲੋਚਨਾਤਮਕ ਕਾਰਜ ਦੇ ਪਰਚਾਰ ਲਈ ਡੁਗ-ਡੁਗੀ ਨਾ ਵਜਾ ਸਕਿਆ। ਨਾ ਹੀ ਕੋਈ ਜੁਗਾੜ ਕਰ ਸਕਿਆ ਹਾਂ। ਇਨਾਮਾਂ-ਸਨਮਾਨਾਂ ਬਾਰੇ ਵਿਸ਼ਵਾਸ਼ ਹੈ ਕਿ ਮੌਲਿਕਤਾ ਕਾਰਨ ਦੇਰ ਜਾਂ ਸਵੇਰ ਮੇਰੀਆਂ ਲਿਖਤਾਂ ਦਾ ਮੁੱਲ ਅਵੱਸ਼ ਪਵੇਗਾ।

**ਸਵਾਲ**-18. ਸਾਹਿਤ ਦੀ ਸਿਆਸਤ ਉਪਰ ਤਬਸਰਾ ਕਰਦੇ ਹੋਏ ਇਹ ਦੱਸੋ ਕਿ ਇਹ ਚੁੱਪ ਦੀ ਰਾਜਨੀਤੀ ਕੀ ਹੈ ? ਅੱਜ ਕੱਲ ਚੰਗੀਆਂ ਕਿਤਾਬਾਂ ਤੇ ਰਚਨਾਵਾਂ ਨੂੰ ਪੜ੍ਹਨ ਤੋਂ ਬਾਅਦ ਉਸ ਬਾਰੇ ਗੱਲ ਕਰਨ ਦੀ ਥਾਂ ਚੁੱਪ ਕਿਉਂ ਧਾਰ ਲਈ ਜਾਂਦੀ ਹੈ?

**ਜਵਾਬ**:- ਮੇਰੀ ਇੱਕ ਕਵਿਤਾ ਹੈ 'ਕਿਸ ਪੱਤਣ ਤੋਂ ਪਾਣੀ ਪੀਵਾਂ, ਹਰ ਪੱਤਣ ਦਾ ਗੰਧਲਾ ਪਾਣੀ।' ਇਹੋ ਗੰਧਲਾਪਣ ਸਾਹਿਤ ਦੀ ਸਿਆਸਤ ਵਿੱਚ ਹੈ। ਸਾਹਿਤ ਵਿੱਚ ਗੁੱਟਬੰਦੀ ਹੈ। ਇਸ ਗੁੱਟਬੰਦੀ ਦਾ ਸ਼ਿਕਾਰ ਮੀਡੀਆ ਵੀ ਹੋ ਚੁੱਕਾ ਹੈ। ਇੱਕ ਕਿਸਮ ਦੇ ਗੁੱਟ ਵਾਲੇ ਦੂਜੇ ਗੁੱਟ ਨਾਲ ਵਰਤ ਵਿਉਹਾਰ ਤੋਂ ਸੰਕੋਚ ਕਰਦੇ ਹਨ। ਇਹ ਵੀ ਸ਼ੁਕਰ ਹੈ ਕਿ ਵਿਰੋਧੀ ਦੇ ਭੋਗ/ਅੰਤਮ ਅਰਦਾਸ ਸਮੇਂ ਜ਼ਰੂਰ ਹੁੰਮ ਹੁੰਮਾ ਕੇ ਪੁੱਜ ਜਾਂਦੇ ਹਨ। ਚੰਗੀਆਂ ਕਿਤਾਬਾਂ ਪੜ੍ਹਨ ਤੋਂ ਬਾਅਦ ਵੀ ਚੁੱਪ ਰਹਿਣ ਪਿੱਛੇ ਆਪਸੀ



ਈਰਖਾ ਕਾਰਜਸ਼ੀਲ ਹੈ। ਕਿਤੇ ਫਲਾਣਾ ਆਪਣੀ ਚੰਗੀ ਪੁਸਤਕ ਨਾਲ ਅੱਗੇ ਨਾ ਆ ਜਾਵੇ। ਨਤੀਜੇ ਵਜੋਂ ਲੇਖਕ ਆਪਣੀ ਕਿਤਾਬ ਪੈਸੇ ਖਰਚ ਕੇ ਛਪਵਾਉਂਦਾ ਵੀ ਆਪ ਹੈ। ਉਸ 'ਤੇ ਰਿਲੀਜ਼ ਸਮਾਰੋਹ, ਗੋਸ਼ਟੀ ਵੀ ਆਪ ਹੀ ਕਰਵਾਉਂਦਾ ਹੈ। ਪੇਪਰ ਲਿਖਣ ਲਈ ਵੀ ਮਿੱਤਰਾਂ/ਦੋਸਤਾਂ ਨੂੰ ਗੁਜ਼ਾਰਿਸ਼ ਕਰਦਾ ਹੈ। ਪੇਪਰਾਂ ਦੇ ਇਸ ਪੱਧਰ ਵਿੱਚ ਪ੍ਰਸੰਸਾਮੁਖੀ ਰੁਝਾਨ ਹੈ। ਪੁਸਤਕ ਵਿਸ਼ਲੇਸ਼ਣ ਦੀ ਥਾਂ ਲੇਖਕ ਦੀ ਸ਼ਖਸੀਅਤ ਦਾ ਵਿਸ਼ਲੇਸ਼ਣ ਅਗਰਭੂਮੀ ਵਿੱਚ ਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਚੰਗੇਰੀ ਸਿਰਜਣਾ ਅਤੇ ਚੰਗੇਰੀ ਆਲੋਚਨਾ ਦੇ ਵਿਕਾਸ ਦੀ ਕਿਵੇਂ ਆਸ ਕੀਤੀ ਜਾ ਸਕਦੀ ਹੈ ? ਜੇ ਕੋਈ ਨਿਰਪੱਖ ਆਲੋਚਕ ਰਚਨਾ ਕੇਂਦਰਤ ਹੋ ਕੇ ਸੱਚ ਬੋਲਣਾ ਆਰੰਭ ਕਰ ਦੇਵੇ ਉਸ ਨੂੰ ਮੰਚ ਸੰਚਾਲਕ ਵੱਲੋਂ ਪਰਚੀ ਭੇਜ ਕੇ ਬੋਲਾਂ 'ਤੇ ਵਿਸ਼ਰਾਮ ਚਿੰਨ੍ਹ ਲਾਉਣ ਦਾ ਆਦੇਸ਼ ਦੇ ਦਿੱਤਾ ਜਾਂਦਾ ਹੈ। ਬੱਸ ਚੁੱਪ ਹੀ ਭਲੀ ਹੈ।

**ਸਵਾਲ-19**. ਜਿਸ ਤਰ੍ਹਾਂ ਹਰ ਇਕ ਰਚਨਾ ਦੀ ਸਿਰਜਣ-ਪ੍ਰਕਿਰਿਆ ਹੁੰਦੀ ਹੈ, ਉਸੇ ਤਰ੍ਹਾਂ ਤੁਸੀਂ ਆਪਣੀ ਕਿਸੇ ਇਕ ਰਚਨਾ ਦੀ ਸਿਰਜਣ ਪ੍ਰਕਿਰਿਆ ਸਾਂਝੀ ਕਰੋ?

**ਜਵਾਬ**:-ਮੇਰੇ ਧੁਰ ਅੰਦਰ ਕਵਿਤਾ ਹਮੇਸ਼ਾ ਕਰਵਟ ਲੈਂਦੀ ਰਹੀ ਹੈ। ਕਿਸ ਵਿਸ਼ੇ ਨੇ ਕਵਿਤਾ ਨੇ ਕਿਹੜੀ ਕਰਵਟ ਅਖਤਿਆਰ ਕਰਨੀ ਹੈ, ਮੈਨੂੰ ਪਤਾ ਨਹੀਂ ਹੁੰਦਾ। ਕਲਪਨਾ ਦੀ ਭੱਠੀ ਤੇ ਮਾਨਸਿਕ ਮੰਚ ਦੇ ਕੜਾਹੇ ਵਿੱਚ ਉਬਲਦਾ ਵਿਸ਼ੇ ਦਾ ਰਸ ਜਦੋਂ ਕਾਗਜ਼ ਦੇ ਕੁੰਡ ਵਿੱਚ ਪੈਂਦਾ ਹੈ ਤਾਂ ਉਸ ਦੀ ਗੁੜ ਦੀ ਭੇਲੀ ਵੀ ਬਣ ਸਕਦੀ ਹੈ, ਸ਼ੱਕਰ ਵੀ ਜਾ ਟਿੱਕੀ ਵੀ ਬਣ ਸਕਦੀ ਹੈ। ਇਸੇ ਰਸ ਦੀ ਰਾਲ ਤੋਂ ਖੰਡ ਵੀ। ਇਹ ਵਰਤਾਰਾ ਸਹਿਜ ਹੁੰਦਾ ਹੈ, ਬਿਨਾਂ ਕਿਸੇ ਉਚੇਚ ਦੇ।

ਦਿੱਲੀ ਵਿੱਚ 'ਦਾਮਿਨੀ' (ਕਲਪਤ ਨਾਂ) ਨਾਲ ਵਾਪਰੀ ਘਟਨਾ ਮੇਰੀ ਸਿਰਜਣਾ ਦੀ ਕੁੱਖ (ਮੈਟਰਿਕਸ) ਦੇ ਕੜਾਹੇ ਵਿੱਚ ਦੋ ਰਾਤਾਂ ਉਬਲਦੀ ਰਹੀ। ਇਸ ਕਵਿਤਾ ਬਾਰੇ ਸਾਹਿਤ-ਰਤਨ ਡਾ. ਰਤਨ ਸਿੰਘ ਦੇ ਵਿਚਾਰ ਉਲੇਖਨੀਯ ਹਨ:- 'ਦਾਮਿਨੀ' ਨਾਲ ਵਾਪਰੀ ਘਟਨਾ ਨਾਰੀ ਜੀਵਨ ਦਾ ਹਿਰਦੇ-ਵੇਧਕ ਦੁਖਾਂਤ ਹੈ। ਸਾਰਾ ਸਮਾਜ, ਸਾਰਾ ਦੇਸ਼ ਇਸ ਘਟਨਾ ਨਾਲ ਹਲੂਣਿਆ ਗਿਆ। ਵਾਤਿਸ਼ ਨੂੰ ਇਸ ਘਟਨਾ ਨੇ ਝੰਜੋੜ ਦਿੱਤਾ। ਉਸ ਦੀ ਆਤਮਾ ਤੜਫ ਉੱਠੀ। ਉਸ ਨੇ 'ਦਾਮਿਨੀ' ਕਵਿਤਾ ਲਿਖ ਦਿੱਤੀ।

ਦਾਮਿਨੀ ਕਵਿਤਾ ਦੀ ਸਿਰਜਨ ਪ੍ਰਕਿਰਿਆ ਹਾਜਰ ਹੈ। ਪਹਿਲੇ ਬੰਦ ਵਿੱਚ ਦਾਮਿਨੀ ਨੂੰ ਸੰਬੋਧਨ ਕਰਦਿਆਂ ਕਾਵਿ ਮੈਂ ਦੇ ਬੋਲ ਹਨ :

ਦਾਮਿਨੀ ! ਤੂੰ ਜ਼ਿੰਦਗੀ ਦੀ ਜੰਗ ਹਾਰੀ ਨਹੀਂ,
ਤੂੰ ਜਿੱਤੀ ਹੈ ਜ਼ਿੰਦਗੀ ਦੀ ਜੰਗ।

ਰੂਪ, ਸ਼ੂਨਯ ਰੂਪ ਅਤੇ ਨਿਰੰਜਨ ਰੂਪ 'ਚ ਬ੍ਰਹਮ ਪਾਸਾਰੇ ਬਾਬਤ ਜਾਣਕਾਰੀ ਦਿੱਤੀ ਹੈ। ਇਸੇ ਅਧਿਆਇ ਵਿੱਚ ਸੰਚਿਤ ਕਰਮ, ਪ੍ਰਾਰਬਧ ਕਰਮ ਅਤੇ ਕ੍ਰਿਆਮਾਣ ਕਰਮ ਜਿਹੇ ਸੰਕਲਪਾਂ ਨੂੰ ਵੀ ਤਰਕ ਸੰਗਤ ਜੁਗਤ ਜ਼ਰੀਏ ਪੇਸ਼ ਕੀਤਾ ਹੈ। ਪੁਸਤਕ ਦਾ ਚੌਥਾ ਅਧਿਆਈ ਸੰਤ ਰਵਿਦਾਸ ਜੀ ਦੀ ਬਾਣੀ ਵਿੱਚ "ਭਗਤ" ਦਾ ਸੰਕਲਪ ਨਿਰਧਾਰਿਤ ਕਰਦਾ ਵਾਚਿਆ ਜਾ ਸਕਦਾ ਹੈ। ਵਿਭਿੰਨ ਗ੍ਰੰਥਾਂ ਦੇ ਮੰਥਨ ਉਪਰੰਤ 'ਭਗਤ' ਦੇ ਲੱਛਣਾਂ ਨੂੰ ਸਥਾਪਿਤੀ ਪ੍ਰਦਾਨ ਕੀਤੀ ਗਈ ਹੈ ਅਤੇ ਦੱਸਿਆ ਗਿਆ ਹੈ ਕਿ ਗੁਰੂ ਰਵਿਦਾਸ ਜੀ ਦੀ ਚਿੰਤਨਧਾਰਨਾ ਅਨੁਸਾਰ ਭਗਤ ਉਹ ਹੈ ਜੋ ਸੁਭਾਅ ਦੀ ਇਕਸਾਰਤਾ, ਸ਼ੁੱਧੀ, ਅਹਿੰਸਾ, ਸਵੈ-ਕਾਬੂ, ਨਿਰਲੇਪ, ਨਿੱਡਰਤਾ, ਬਹਾਦਰੀ, ਤਿਆਗ, ਸ਼ਾਂਤੀ, ਈਸ਼ਵਰੀ-ਭਾਵ, ਸੇਵਾ, ਜੀਵਨ ਮੁਕਤਾ ਆਦਿ ਸ਼ੁਭ ਗੁਣਾਂ ਦਾ ਧਾਰਨੀ ਹੈ।

'ਭਗਤੀ ਪਰੰਪਰਾ ਵਿਚ ਸੰਤ ਰਵਿਦਾਸ ਜੀ ਦਾ ਸਥਾਨ' ਪੰਜਵਾਂ ਅਧਿਆਇ ਹੈ ਜੋ ਪੁਸਤਕ ਦੀ ਅਹਿਮੀਅਤ ਦਾ ਹੋਰ ਵੱਡਾ ਸਬੂਤ ਹੈ। ਲੇਖਿਕਾ ਨੇ ਇਸ ਚੈਪਟਰ ਵਿੱਚ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੂੰ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਉਹਨਾਂ ਸਭਨਾਂ ਦਾ ਉਲੇਖ ਕਰਦਿਆਂ ਆਪਣੇ ਵਿਚਾਰਾਂ ਨੂੰ ਇਨਾਂ ਅਗੰਮੀ ਕਥਨਾਂ 'ਤੇ ਕੇਂਦਰਿਤ ਕੀਤਾ ਹੈ ਕਿ –

"ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭਗਵੰਤ ਸੋਈ॥
ਕਹੀ ਰਵਿਦਾਸ ਹਾਥ ਪੈ ਨੇਰੈ ਸਹਿਜੇ ਹੋਇ ਸੁ ਹੋਇ॥

ਲੇਖਿਕਾ ਦਾ ਮੰਨਣਾ ਹੈ ਕਿ ਗੁਰੂ ਰਵਿਦਾਸ ਜੀ ਦੀ ਕਲਪਣਾ ਉਡਾਰੀ ਉਸ ਨੂੰ ਬਾਕੀ ਭਗਤਾਂ ਤੋਂ ਨਿਖੇੜਦੀ ਹੈ। ਗੁਰੂ ਰਵਿਦਾਸ ਜੀ ਦੀ ਅਨੁਭਵ ਸ਼ਕਤੀ, ਭਾਸ਼ਾ ਦੀ ਪ੍ਰਭੁੱਤਾ, ਲੈਯਬੱਧਤਾ, ਰਾਗ, ਸ਼ਬਦ-ਸ਼ਕਤੀ ਅਤੇ ਅੰਤਰ ਪ੍ਰੇਰਣਾ ਵਿੱਲਖਣਤਾ ਸਹਿਤ ਪ੍ਰਗਟ ਹੁੰਦੀ ਹੋਈ ਪਾਠਕਾਂ ਦੇ ਸਨਮੁੱਖ ਹੈ।

ਪੁਸਤਕ ਦਾ ਛੇਵਾਂ ਅਧਿਆਇ ਵਿਸ਼ਵੀਕਰਨ ਦੇ ਸਰੋਕਾਰਾਂ ਨਾਲ ਸੰਤ ਰਵਿਦਾਸ ਜੀ ਦੀ ਬਾਣੀ ਦੀ ਸਾਰਥਿਕਤਾ ਨੂੰ ਪ੍ਰਗਟ ਕਰਨ ਹੈ ਅਤੇ ਇਸ ਚੈਪਟਰ ਵਿੱਚ ਪ੍ਰਸਿੱਧ ਵਿਦਵਾਨਾਂ ਦੇ ਵਿਚਾਰ-ਚਿੰਤਨ ਦਾ ਮੰਥਨ ਕਰਦਿਆਂ ਹੋਇਆਂ ਇਸ ਲੇਖਿਕਾ ਨੇ ਵਿਸ਼ਵ ਵਿਆਪੀ ਸਦਭਾਵਨਾ ਅਤੇ ਮਨੁੱਖ ਜਾਤੀ ਦੀ ਇਕ ਹੋਂਦ ਨੂੰ ਦਰਸਾਇਆ ਹੈ। ਇਸ ਧਾਰਨਾ ਤਹਿਤ

"ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਤਰਸੁ ਜਵਾਲੁ॥

ਵਿਸ਼ਵ ਦੀ ਮਾਨਵ-ਜਾਤੀ ਨੂੰ ਇਕ ਹੋ ਜਾਣ ਲਈ ਪ੍ਰੇਰਣਾ ਵੀ ਦਿੱਤੀ ਹੈ।

(ਆਦਿ ਗ੍ਰੰਥ, ਪੰਨ 345)

ਨਿਰਸੰਦੇਹ, ਇਹ ਖੋਜ ਪੁਸਤਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਜਿਨ੍ਹਾਂ ਨੂੰ ਸ਼੍ਰੋਮਣੀ ਭਗਤ ਅਤੇ ਸ਼੍ਰੋਮਣੀ ਸੰਤ ਵਜੋਂ ਵੀ ਕੁਲ ਦੁਨੀਆਂ ਤੇ ਜਾਣਿਆ ਜਾਦੰਾ ਹੈ, ਦੇ ਪੈਗਾਮ ਨੂੰ ਲੋਕਤਾ ਤੱਕ ਪਹੁੰਚਾਣ ਵਿਚ ਢੁਕਵਾਂ ਯੋਗਦਾਨ ਪਾਉਣ ਵਿਚ ਸਫ਼ਲ ਹੋ ਸਕਦੀ ਹੈ।



ਬੇਸ਼ਕ ਸੰਸਾਰ ਵਿੱਚ ਦਰਿੰਦਿਆ ਹੱਥੋਂ ਹਰ ਰੋਜ਼ ਅਨੇਕਾਂ ਦਾਮਨੀਆਂ ਦੀ ਇੱਜ਼ਤ ਲੁੱਟੀ ਜਾਂਦੀ ਹੈ ਪਰ ਕਾਵਿ ਮੈਂ ਦੀਆਂ ਨਜ਼ਰਾਂ ਵਿੱਚ ਦਾਮਿਨੀ ਨੇ ਇਹ ਜੰਗ ਜਿੱਤੀ ਹੈ। ਜਿਸ ਦੇ ਫਲਸਰੂਪ ਸਰਕਾਰ ਅਤੇ ਕਾਨੂੰਨ ਦੇ ਰਾਖੇ ਘਬਰਾਹਟ ਵਿੱਚ ਹਨ। ਇਹ ਕਵਿਤਾ ਵਿਚਾਰਾਂ ਨਾਲ ਸੰਗਲੀਨੁਮਾ (ਐਸੋਸੀਏਸ਼ਨ ਆਫ ਆਈਡੀਆਜ਼) ਨਾਲ ਵਿਕਾਸ ਕਰਦੀ ਹੈ। ਦਾਮਿਨੀ ਇਸ ਦੁਖਾਂਤ ਤੋਂ ਬਾਅਦ ਵੀ ਜਿਉਣ ਦੀ ਇੱਛਾ ਰੱਖਦੀ ਸੀ ਪਰ ਕਾਵਿ ਮੈਂ ਨੂੰ ਅਜਿਹਾ ਜਿਉਣਾ ਪਸੰਦ ਨਹੀਂ ਸੀ। ਹੁਣ ਦਾਮਿਨੀ ਬਾਇੱਜ਼ਤ ਅਮਰ ਹੈ। ਇਸ ਕਵਿਤਾ ਵਿਚ ਕਾਵਿ ਮੈਂ ਦੇ ਵਿਚਾਰਾਂ ਦੀ ਲੜੀ ਦੁਆਪਰ ਯੁੱਗ ਵੱਲ ਪਿਛਮੋੜਾ ਲੈਂਦੀ ਹੈ। ਜਦੋਂ ਕੰਸ ਨੇ ਇੱਕ ਕੁੜੀ ਨੂੰ ਪੱਥਰ 'ਤੇ ਪਟਕਾ ਦੇ ਮਾਰ ਦਿੱਤਾ ਸੀ ਅਤੇ ਉਹ ਆਕਾਸ਼ ਵਿੱਚ ਜਾ ਕੇ ਬਿਜਲੀ ਬਣ ਗਈ ਸੀ। ਕਾਵਿ-ਮੈਂ ਮਿਥਿਹਾਸਕ ਪਿਛੋਕੜ ਵੱਲ ਝਾਤ ਪਾਉਂਦੀ ਹੈ। ਉਦੋਂ ਤਾਂ ਝਗੜਾ ਮਾਮੇ ਭਾਣਜੇ ਦਰਮਿਆਨ ਸੀ। ਭਾਣਜੇ ਖਾਤਰ ਹੀ ਦਾਮਿਨੀ (ਬਿਜਲੀ) ਨੂੰ ਕੁਰਬਾਨੀ ਕਰਨੀ ਪਈ ਸੀ। ਜਦੋਂ ਕਾਵਿ ਮੈਂ ਵਰਤਮਾਨ ਵਿੱਚ ਪੁੱਜਦੀ ਹੈ ਤੇ ਦਾਮਿਨੀ ਦੀ ਅਣਖ ਨੂੰ ਜੁੰਬਸ਼ ਪ੍ਰਾਦਨ ਕਰਦੀ ਹੈ ਕਿ ਉਦੋਂ ਅਤੇ ਹੁਣ ਦੀ ਸਥਿਤੀ ਵਿੱਚ ਅੰਤਰ ਹੈ। ਹੁਣ ਤਾਂ ਸਿੱਧਾ ਅਟੈਕ ਤੇਰੇ ਉੱਪਰ ਹੈ।

ਸਮੇਂ ਨੇ ਨਾਰੀ ਦਾ ਇਤਿਹਾਸ ਤਾਂ ਲਿਖਣਾ ਹੀ ਲਿਖਣਾ ਹੈ। ਦਾਮਿਨੀ (ਬਿਜਲੀ) ਨੂੰ ਦਰਿੰਦਿਆਂ ਉੱਪਰ ਕੜਕਣ ਤੋਂ ਕੋਈ ਸ਼ਕਤੀ ਰੋਕ ਨਹੀਂ ਸਕੇਗੀ। ਇਸ ਜ਼ੁਲਮ ਦੀ ਇੰਤਹਾ ਸਮੇਂ ਦਾਮਿਨੀ ਦੇ ਆਉਣ ਦੀ ਵੀ ਲੋੜ ਸੀ। ਜਾਣ ਦੀ ਵੀ ਲੋੜ ਸੀ। ਕੁਰਬਾਨੀ ਦੀ ਲੋੜ ਸੀ। ਕਾਵਿ-ਮੈਂ ਦਾਮਿਨੀ ਨੂੰ ਸ਼ਹੀਦਾਂ ਵਿੱਚ ਸ਼ੁਮਾਰ ਕਰਦੀ ਹੈ। ਇਸ ਕੁਰਬਾਨੀ ਸਦਕਾ ਦਰਿੰਦਿਆਂ ਵਿਰੁੱਧ ਸਜ਼ਾ ਦੇ ਐਕਟ ਵਿੱਚ ਸੋਧ ਅਤੇ ਸੰਵਿਧਾਨ ਨੇ ਨਵਾਂ ਮੋੜ ਕੱਟਿਆ ਹੈ। ਇਸ ਨਾਲ ਕਮਜ਼ੋਰ ਔਰਤ ਨੂੰ ਸ਼ਕਤੀ ਮਿਲੀ ਹੈ। 'ਦਾਮਿਨੀ' ਦੇ ਵਾਰੰਟ ਦਰਿੰਦਿਆ ਲਈ, ਇਥੇ ਦਾਮਿਨੀ ਫਾਂਸੀ ਦੇ ਅਰਥਾਂ ਵਿੱਚ ਹੈ।

ਫਿਰ ਕਾਵਿ-ਮੈਂ ਇਸ ਸੱਚਾਈ ਵੱਲ ਕਰਵਟ ਲੈਂਦੀ ਹੈ ਕਿ ਹੋਰਨਾਂ ਘਟਨਾਵਾਂ ਵਾਂਗ ਇਹ ਘਟਨਾ ਹੋਈ ਬੀਤੀ ਦੇ ਸੀਮਿਤ ਦਾਇਰੇ ਨੂੰ ਪਾਰ ਕਰ ਚੁੱਕੀ ਹੈ। 2013 ਤੋਂ ਬਾਅਦ 2014 ਆਉਣ ਵਾਲਾ ਸੀ। ਇਹ ਕਾਵਿਤਾ ਲਿਖੇ ਜਾਣ ਦੇ ਸਮੇਂ ਨੂੰ ਪ੍ਰਗਟ ਕਰਦਾ ਹੈ। ਕਾਵਿ-ਮੈਂ ਨੂੰ ਦਾਮਿਨੀ ਦਾ ਇਹ ਸੰਘਰਸ਼ ਦਰਿੰਦਿਆਂ ਨਾਲ ਛਿੜੇ 1914 ਦੇ ਸੰਸਾਰ ਯੁੱਧ ਵਰਗਾ ਲੱਗਦਾ ਹੈ। ਚੌਦਾਂ ਵਰ੍ਹਿਆ ਦੇ ਬਨਵਾਸ ਵਰਗਾ ਲੱਗਦਾ ਹੈ। ਇਹ ਸਭ ਪੀੜਿਤ ਨਾਲ ਹਮਦਰਦੀ ਵਜੋਂ ਅਤਿ-ਕਥਨੀ ਅਲੰਕਾਰ ਹਨ। ਨੋਟ ਕਰਨ ਯੋਗ ਪੰਕਤੀਆਂ ਹਨ :

ਬਾਰਵੇਂ ਵਰ੍ਹੇ ਦੇ ਅੰਤ 'ਤੇ
ਹੋਈ ਹੈ ਤੇਰੇ ਨਾਲ ਜੱਗੋਂ ਤੇਰ੍ਹਵੀਂ

ਨਿਰਾਸ਼ਾ ਦੀ ਕਾਲੀ ਘਟਾ ਵਿੱਚ ਤੇਰਾ
ਲਿਸ਼ਕਣਾ ਵੀ ਤੈਅ ਹੈ
ਕੜਕਣਾ ਵੀ ਤੈਅ ਹੈ
ਦਰਿੰਦਿਆਂ ਦਾ ਖਾਤਮਾ ਵੀ ਤੈਅ ਹੈ।

ਇਉਂ ਇਸ ਕਵਿਤਾ ਦੀ ਸਿਰਜਣ ਪ੍ਰਕਿਰਿਆ ਵਿੱਚ ਜਿੱਥੇ 2012 ਦੀ ਦੁਖਾਂਤਕ ਘਟਨਾ ਰੂਪਮਾਨ ਹੋਈ ਹੈ, ਜਦ ਕਿ ਦੈਰਿਦਾ ਸ਼ਬਦਾਰਥਾਂ ਦੀ ਅੰਤਹੀਣ ਪ੍ਰਕਿਰਿਆ ਦਾ ਹਾਮੀ ਹੈ। 'ਦਾਮਿਨੀ' ਇਸ ਕਵਿਤਾ ਦੀ ਨਾਇਕਾ ਦਾ ਕਲਪਤ ਨਾਂ ਵੀ ਹੈ। ਦਾਮਿਨੀ- ਕੜਕਦੀ ਅਸਮਾਨੀ ਬਿਜਲੀ ਦੇ ਅਰਥਾਂ ਵਿੱਚ ਵੀ ਨਿਹਿਤ ਹੈ। 'ਦਾਮਿਨੀ' ਫਾਂਸੀ/ਰੱਸੀ ਦੇ ਅਰਥਾਂ ਵਿੱਚ ਵੀ ਹੈ। ਇੰਝ ਕਲਾਤਮਿਕ ਤੌਰ ਇਸ ਵਿੱਚ ਮਿਥਿਹਾਸਕ ਘਟਨਾ ਵੀ ਰੂਪਮਾਨ ਹੋਈ ਹੈ। ਇਸ ਵਿੱਚ ਆਪਣੀ ਵੱਖਰੀ ਕਿਸਮ ਦੀ ਸ਼ਹੀਦੀ ਦਾ ਸੰਕਲਪ ਵਿਖਾਈ ਦਿੰਦਾ ਹੈ। ਬਾਰਵੇਂ, ਤੇਰਵੇਂ, ਚੌਦਵੇਂ ਵਰ੍ਹੇ ਦੀ ਚਿੰਨ੍ਹਾਤਮਕ ਵਿਆਖਿਆ ਵੀ। ਇਹ ਕਵਿਤਾ ਕਈ ਯੁਵਕ ਮੇਲਿਆਂ ਵਿੱਚ ਪਹਿਲੇ ਸਥਾਨ 'ਤੇ ਰਹੀ। ਇਸ ਦੀ ਸਿਰਜਣਾ ਵੀ ਜਜ਼ਬਾਤਾਂ ਦੇ ਅਰੋਕ ਵਹਿਣ ਨਾਲ ਇਕੋ ਸਿਟਿੰਗ ਵਿੱਚ ਹੋਈ। ਮਾਨਵਤਾ ਦਾ ਦਰਦ ਜਦ ਸਿਖ਼ਰ ਦੀ ਸੰਵੇਦਨਸ਼ੀਲਤ; ਨੂੰ ਅਪੜਦਾ ਹੈ ਤਾਂ ਅਜਿਹੇ ਕਾਵਿ ਦਾ ਜਨਮ ਹੋਣਾ ਸੁਭਾਵਿਕ ਹੈ।

**ਸਵਾਲ**-20. ਰਵਾਇਤ ਤੋਂ ਉਲਟ ਮੇਰਾ ਆਖਰੀ ਸਵਾਲ ਇਹ ਹੈ ਕਿ ਤੁਹਾਡਾ ਉਹ ਘਰ, ਪਰਿਵਾਰ, ਬਚਪਨ ਤੇ ਆਲਾ-ਦੁਆਲਾ ਕਿਹੋ ਜਿਹਾ ਸੀ ਜਿਸ ਵਿਚੋਂ ਅੱਜ ਦਾ ਡਾ. ਧਰਮ ਚੰਦ ਵਾਤਿਸ਼ ਪੈਦਾ ਹੋਇਆ ਹੈ ?

**ਜਵਾਬ**:- ਤੁਹਾਡੇ ਵੀਹਵੇਂ ਪ੍ਰਸ਼ਨ ਦੇ ਪਹਿਲੇ ਭਾਗ ਦਾ 'ਘਰ' ਮੇਰੀ ਇੱਕ ਕਵਿਤਾ ਵਿੱਚ ਰੂਪਮਾਨ ਹੋਇਆ ਹੈ :- ਅਸੀਂ ਤਾਂ /ਕੱਚੇ ਘਰ ਦੇ ਵਸਨੀਕ ਸਾਂ/ ਕੱਚੀਆਂ ਕੰਧਾਂ/ਕੱਚੀ ਛੱਤ/ਤੇ ਕੱਚੇ ਹੀ ਬਨੇਰੇ/ ਮੇਰੀ ਮਾਂ, ਮੇਰੀ ਦਾਦੀ/ ਮੇਰਾ ਬਾਪ/ ਮੇਰਾ ਭਰਾ/ ਟੋਭੇ ਤੋਂ ਮਿੱਟੀ ਲਿਆ ਕੇ/ ਤੂੜੀ ਮਿਲਾ ਕੇ/ ਅਜਿਹਾ ਲਿਪਦੇ ਸਨ/ ਕਿ ਸਾਵਣ ਦੀਆਂ ਝੜੀਆਂ ਵੀ/ ਉਸ ਕੋਠੇ ਨੂੰ ਚੋਣ ਲਈ/ ਮਜਬੂਰ ਨਾ ਕਰ ਸਕੀਆਂ। ਉਸ ਦੇ ਵਿੱਚ ਚਾਰ ਮੋਘੇ ਸਨ/ ਉਹੀ ਸਾਡੀਆਂ ਖਿੜਕੀਆਂ/ ਉਹੀ ਸਾਡੇ ਰੋਸ਼ਨਦਾਨ।

ਇਸ ਘਰ ਮੂਹਰੇ ਬੜੀ ਭਾਰੀ ਨਿੰਮ ਸੀ ਜਿਸ ਦੇ ਟਾਹਣੇ ਦੂਰ ਦੂਰ ਤੱਕ ਫੈਲੇ ਹੋਏ ਸਨ। ਏਸੇ ਕਰਕੇ ਬੀਹੀ ਨੂੰ ਨਿੰਮ ਵਾਲੀ ਬੀਹੀ ਵੀ ਕਿਹਾ ਜਾਂਦਾ ਸੀ। ਇਸ ਨਿੰਮ ਦੇ ਹੇਠਾਂ ਤ੍ਰਿੰਝਣ ਚਰਖੇ ਕੱਤਦਾ ਗਲੋਟੇ ਅਟੇਰਦਾ, ਘੜੇ ਪੁੱਠੇ ਕਰਕੇ ਸੇਵੀਆਂ ਵੱਟਦਾ, ਨਿੰਮ 'ਤੇ ਪੀਂਘ ਝੂਟਦੀਆਂ ਮੁਟਿਆਰਾਂ ਬੱਚੇ ਨਮੋਲੀਆਂ ਖਾਂਦੇ, ਵੱਡੇ ਤਾਸ਼ ਖੇਡਦੇ ਮੈਨੂੰ ਅੱਜ ਵੀ ਦਿਖਾਈ ਦੇ ਰਹੇ ਹਨ।



ਮੇਰੇ ਪਾਲਕ ਦਾਦੇ ਨੇ ਬਚਪਨ ਵਿੱਚ ਮੈਨੂੰ ਘਰੇ ਪੜ੍ਹਾਇਆ। ਮੇਰੀ ਦਾਦੀ ਹਾਰੇ 'ਚੋਂ ਸੁਆਹ ਲੈ ਕੇ ਕੱਪੜ-ਛਾਣ ਕਰਕੇ ਘਰ ਮੂਹਰੇ ਚੌਂਕੜੀ 'ਤੇ ਵਿਛਾ ਕੇ ਉੱਪਰ ਪੁੱਠੀ ਥਾਲੀ ਫੇਰ ਦਿਆ ਕਰਦੀ ਸੀ। ਦਾਦਾ ਮੈਨੂੰ ਉਂਗਲੀ ਨਾਲ ਉਸ ਰਾਖ 'ਤੇ ਊੜਾ, ਆੜਾ ਲਿਖਣ ਲਈ ਕਿਹਾ ਕਰਦਾ ਸੀ। ਸਾਡੇ ਪਿੰਡ, ਦੁੱਗਰੀ ਸਕੂਲ ਨਹੀਂ ਸੀ, ਮੈਨੂੰ ਲਸੋਈ ਸਕੂਲ ਵਿੱਚ ਦਾਦੇ ਨੇ ਦਾਖਲ ਕਰਵਾਇਆ-ਇਹ ਕਹਿਕੇ ਕਿ ਜਿਸ ਜਮਾਤ ਦੇ ਯੋਗ ਹੈ, ਦਾਖਲ ਕੀਤਾ ਜਾਵੇ। ਮੈਂ ਸਿੱਧਾ ਤੀਜੀ ਜਮਾਤ ਵਿੱਚ ਦਾਖਲ ਹੋਇਆ। ਜਦੋਂ ਮੈਂ ਚੌਥੀ ਵਿੱਚ ਦਾਖਲ ਹੋਇਆ। ਮੇਰੇ ਪਿੰਡ ਸਕੂਲ ਖੁੱਲ੍ਹ ਗਿਆ। ਚੌਂਦੇ ਵਾਲੇ ਮਾਸਟਰ ਈਸ਼ਰ ਸਿੰਘ ਪਾਸੀ ਇਸ ਸਕੂਲ ਵਿੱਚ ਆ ਗਏ। ਸਾਡਾ ਚੌਥੀ ਦਾ ਇਮਤਿਹਾਨ ਬਾਗੜੀਆਂ ਦੇ ਪ੍ਰਾਇਮਰੀ ਸਕੂਲ ਸੈਂਟਰ ਵਿਖੇ ਹੋਇਆ ਸੀ। ਮੈਂ ਸ਼੍ਰੇਣੀ ਵਿੱਚੋਂ ਫਸਟ ਆਇਆ ਸੀ। ਪੰਜਵੀਂ ਉਦੋਂ ਹਾਈ ਸਕੂਲ ਨਾਲ ਅਟੈਚ ਹੁੰਦੀ ਸੀ। ਅੰਗਰੇਜ਼ੀ ਵੀ ਪੰਜਵੀਂ ਤੋਂ ਸ਼ੁਰੂ ਹੋ ਜਾਂਦੀ ਸੀ। ਮੈਂ ਪਾਲਕ ਦਾਦੇ ਦਾਦੀ ਦਾ ਜ਼ਿਕਰ ਕੀਤਾ ਹੈ। ਅਸਲੀ ਦਾਦਾ ਹੋਰ ਸੀ। ਮੇਰਾ ਬਾਪ ਉਸਦਾ ਇਕਲੌਤਾ ਪੁੱਤਰ ਸੀ। ਮੇਰੇ ਭੂਆ ਬਨਭੌਰਾ ਵਿਖੇ ਮੋਹਨ ਲਾਲ ਐਡਵੋਕੇਟ ਨੂੰ ਵਿਆਹੀ ਗਈ ਸੀ। ਜਿਸ ਦਾ ਪਰਿਵਾਰ ਧੂਰੀ ਰਹਿੰਦਾ ਹੈ। ਮੇਰੀ ਸਕੀ ਦਾਦੀ ਦੇ ਮਰਨ ਉਪਰੰਤ ਮੇਰਾ ਸਕਾ ਦਾਦਾ ਆਪਣੇ ਭਰਾ/ਭਰਜਾਈ ਨਾਲ ਜਾ ਰਲ਼ਿਆ। ਸਾਡੀ ਪਿੰਡ ਕਾਲੇਕੇ ਜਿਲ਼ਾ ਬਰਨਾਲਾ ਵਿਖੇ 90 ਵਿੱਘੇ ਜ਼ਮੀਨ ਸੀ। ਮੇਰੇ ਪਿਤਾ ਨੂੰ ਉਸ ਜਾਇਦਾਦ ਤੋਂ ਵਾਂਝਿਆ ਕਰ ਦਿੱਤਾ ਗਿਆ। ਵਿਸਥਾਰ ਨਾ ਹੀ ਪੁੱਛੋਂ ਤਾਂ ਚੰਗਾ ਹੈ। ਅੰਤਾਂ ਦੀ ਗਰੀਬੀ ਹੰਢਾਈ ਹੈ। ਇਸ ਗਰੀਬੀ ਵਿੱਚੋਂ ਹੀ ਪਾਲਕ ਦਾਦੇ ਦੀ ਪ੍ਰੇਰਨਾ ਨਾਲ ਅੱਜ ਦਾ ਧਰਮ ਚੰਦ ਵਾਤਿਸ਼ ਪੈਦਾ ਹੋਇਆ ਹੈ।

-ਸਵਰਨ ਵਿਲਾ
ਅਮਰਗੜ੍ਹ [ਸੰਗਰੂਰ]
98156-59220

◆◆◆